੧ੴ
ਸਤਿਗੁਰ ਪ੍ਰਸਾਦਿ
ਦਸਮ ਪਿਤਾ ਸ੍ਰੀ ਗੁਰੁ ਗੋਬਿੰਦ ਸਿੰਘ ਮਹਾਰਾਜ ਜੀ ਦੇ ਮੁੱਖ ਤੋਂ ਉਚਾਰਨ ਕੀਤੀ ਹੋਈ ਬਾਣੀ
ਉਗ੍ਰਦੰਤੀ

The 'Bani' (Holy sermon) of Sri Guru Gobind Singh Ji Maharaj
Uggardanti

ਉਗਰ=ਭਿਆਨਕ ਪਾਪਾਂ ਨੂੰ, ਦੰਤੀ - ਦਲਣ ਵਾਲੀ ਦੈਵੀ ਸ਼ਕਤੀ ਜਿਸਦੀ ਪਾਤਸ਼ਾਹੀ ੧੦ਵੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸ਼ਕਤੀ ਦੀ ਉਪਮਾਂ ਕਰਕੇ ਅਕਾਲ ਪੁਰਖ ਦੀ ਜਿੱਤ ਲਈ ਵਰ ਮੰਗੇ ਹਨ । ਇਸਦੇ ਸ਼ਬਦਾਰਥ ਅਤੇ ਭਾਵਾਰਥ ਪੰਜਾਬੀ ਅਤੇ ਅੰਗਰੇਜ਼ੀ ਦੇ ਵਿਚ ਵਾਹਿਗੁਰੂ ਅਕਾਲ ਪੁਰਖ ਦੀ ਕਿਰਪਾ ਨਾਲ ਕਰ ਦਿਤੇ ਹਨ ਤਾਂਕਿ ਦਸਮ ਜੀ ਦੀ ਇਸ ਉਚਾਰੀ ਮੁਖਿ ਬਾਣੀ ਨੂੰ ਪਾਠਕ ਸੌਖ ਨਾਲ ਸਮਝ ਸਕਣ । ਇਸ ਬਾਣੀ ਦੇ ਭਾਵਾਰਥ ਕਰਨ ਤੋਂ ਪਹਿਲਾਂ ਇਹ ਬਹੁਤ ਜ਼ਰੂਰੀ ਹੋ ਜਾਂਦਾ ਹੈ ਕਿ "ਭਗੌਤੀ" ਸ਼ਬਦ ਦਾ ਨਿਰਣਾ ਕੀਤਾ ਜਾਵੇ ।

Meaning:-
The Supreme Celestial Power which pulverises the vicious sins with her mighty teeth. Guru Gobind Singh Ji desires benevolence of this invincible power for the triumph of the Supreme Being. The translation of this 'Bani' is rendered in Panjabi and in English for the benefit of all. It is imperative that the meaning of "Bhagauti" is fully defined prior to the translation.

ਭਗੌਤੀ

ਭਾਵਾਰਥ :- ਭਗੌਤੀ ਉਹ ਮਹਾਂਨ ਸ਼ਕਤੀ ਹੈ ਜਿਸ ਵਿਚ ਅਕਾਲ ਪੁਰਖ ਪ੍ਰਮੇਸ਼ਵਰ ਦਾ ਇਸਤ੍ਰੀ ਰੂਪ ਵਿਦਮਾਨ ਹੈ, ਅਤੇ ਜਿਵੇਂ ਅਕਾਲ ਪੁਰਖ ਪਿਤਾ ਹੈ ਤਿਵੇਂ ਭਗੌਤੀ ਸ਼ਕਤੀ ਮਾਤਾ ਹੈ । ਇਸ ਸ਼ਕਤੀ ਨੇ ਹੀ ਬ੍ਰਹਮਾ, ਬਿਸ਼ਨ ਅਤੇ ਮਹੇਸ਼ ਨੂੰ ਸਾਜਿਆ ਹੈ (ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ, ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥ ਜਪੁਜੀ ॥ਅਤੇ ਕਬੀਰ ਜੀ ਕਹਿੰਦੇ ਹਨ:- ਅੱਵਲ ਅਲਹ ਨੂਰ ਉਪਾਇਆ ਕੁਦਰਤ ਦੇ ਸਭ ਬੰਦੇ, ਇਕ ਨੂਰ ਤੇ ਸਭ ਜਗ ਉਪੁਜਿਆ...) ਅਤੇ ਇਸੇ ਹੀ ਸ਼ਕਤੀ ਦੀ ਮਹਿਮਾ ਕਰਦੇ ਹੋਏ ਦਸਮ ਗੁਰੂ ਜੀ ਚੰਡੀ ਦੀ ਵਾਰ (ਟੀਕਾ ਵੇਖੋ) ਵਿਚ ਲ਼ਿਖਦੇ ਹਨ:-
"ਤੈ ਹੀ ਦੁਰਗਾ ਸਾਜ ਕੇ ਦੈਂਤਾ ਦਾ ਨਾਸ ਕਰਾਇਆ, ਤੈਥੋ ਹੀ ਬਲ ਰਾਮ ਲੈ ਨਾਲਿ ਬਾਣਾ ਦਹਿਸੁਰ ਘਾਇਆ । ਤੈਥੋ ਹੀ ਬਲ ਕ੍ਰਿਸਨ ਲੈ ਕੰਸੁ ਕੇਸੀ ਪਕੜਿ ਗਿਰਾਇਆ । ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ । ਕਿਨੀ ਤੇਰਾ ਅੰਤੁ ਨ ਪਾਇਆ ।"
ਡਾ. ਮਨਜੀਤ ਸਿੰਘ ਜੀ ਆਪਣੇ ਲੇਖ 'ਚੰਡੀ ਦੀ ਵਾਰ ਵਿਚ ਮਿੱਥ ਦਾ ਰੂਪਾਂਤਰਣ' ਜੋ ਡਾ. ਮਹਿੰਦਰ ਕੌਰ ਗਿੱਲ ਦੀ ਕਿਤਾਬ "ਦਸਮ ਗੁਰੂ ਰਚਨਾ ਸੰਸਾਰ", ਵਿਚ ਲਿਖਦੇ ਹਨ, "ਸਾਰੇ ਸੰਸਾਰ ਦੀ ਜਨਨੀ ਇਕ ਅਕਾਲ ਪੁਰਖ ਦੀ ਅਸੀਮ ਤੇ ਅਨੰਤ ਸ਼ਕਤੀ ਹੀ ਹੈ । ਦੂਸਰੇ ਦੇਵੀ-ਦੇਵਤਿਆਂ ਅਤੇ ਦੈਂਤਾਂ ਵਾਂਗ ਦੁਰਗਾ ਵੀ ਇਸੇ ਅਕਾਲ ਪੁਰਖ ਦੀ ਅਸੀਮ ਤੇ ਅਨੰਤ ਸ਼ਕਤੀ ਦੀ ਹੀ ਉਪਜ ਹੈ ।"(ਸਫਾ ੧੪੧)

ਇਸੇ ਹੀ ਸ਼ਕਤੀ ਦੀ ਅਰਾਧਨਾ ਦਸਮੇਸ਼ ਜੀ ਨੇ ਨੈਣਾ ਦੇਵੀ ਦੀ ਪਹਾੜੀ ਤੇ ਕੀਤੀ ।
ਇਸੇ ਨੂੰ ਹੀ ਗੁਰੂ ਜੀ ਨੇ ਆਪਣੀ ਅਰਦਾਸ ਵਿਚ ੧ੴਵਾਹਿਗੁਰੂ ਅਕਾਲ ਪੁਰਖ ਦੀ ਜੈ ਤੋਂ ਬ੍ਹਾਦ ਸਭ ਤੋਂ ਪਹਿਲਾਂ ਸਿਮਰਿਆ ਹੈ,

ਯਥਾ :-
"ਪ੍ਰਿਥਮ ਭਗੌਤੀ ਸਿਮਰਕੈ ਗੁਰ ਨਾਨਕ ਲਈ ਧਿਆਇ...॥"
ਗੁਰੂ ਦਸਮੇਸ਼ ਜੀ ਨੇ ੧ੳ ਅੰਕਾਰ, ਨੂੰ ਸਤਿਗੁਰੂ ਨਾਨਕ ਜੀ ਦੀ ਮੁਖ ਬਾਣੀ ਨੂੰ ਤੱਤ ਸਾਰ ਮੰਨ ਕੇ ਆਪਣੀ ਮੁਖ ਬਾਣੀ ਵਿਖੇ ੧ੳ ਅੰਕਾਰ ਨੂੰ ਸਹੀ ਸਰੇਸ਼ਟ ਜਾਣਕੇ ਅਤੇ ਗੁਰੂ ਨਾਨਕ ਪ੍ਰਮੇਸ਼ਵਰ ਰੂਪ ਹੋਣ ਕਰਕੇ ਉਚਾਰਨ ਕੀਤਾ ਹੈ, ਜੈਸਾ ਮਥਰਾ ਭੱਟ ਨੇ ਲਿਖਿਆ ਹੈ :-
"ਜੋਤਿ ਰੂਪ ਹਰਿ ਆਪ ਗੁਰੂ ਨਾਨਕ ਕਹਾਯੋ "
ਅਕਾਲ ਪੁਰਖ ਨੇ ਆਪਣੀ ਜੋਤਿ ਗੁਰੂ ਨਾਨਕ ਵਿਚ ਪ੍ਰਵੇਸ਼ ਕਰਕੇ ਜਗਤ ਵਿਚ ਨਾਨਕ ਨਾਮ ਨਾਲ ਪ੍ਰਗਟ ਕੀਤੀ, ਤਾਂ ਹੀ ਸਤਿਗੁਰੂ ਨਾਨਕ ਦੇਵ ਜੀ ਨੂੰ ਪਾਰਬ੍ਰਹਮ-ਪੂਰਨ ਬ੍ਰਹਮ ਦੀ ਉਪਾਧੀ ਮਿਲੀ । ਇਸ ਲਈ ਕਿਹਾ ਹੈ :- 'ਗੁਰੂ ਨਾਨਕ ਜਿਨ ਸੁਣਿਆ ਪੇਖਿਆ ਸੇ ਫਿਰ ਗ੍ਰਭਾਸ ਨਾ ਪਰਿਆ ਰੇ' । ਇਸ ਪ੍ਰਮੇਸ਼ਵਰ ਗੁਰੂ ਨਾਨਕ ਅਵਤਾਰ ਦੀ ਗੱਦੀ ਦੇ ਵਾਰਸ ਦਸਮੇਸ਼ ਜੀ ਕਹਾਏ । ਇਸਦਾ ਨਿਸਚਾ ਕਰਨ ਲਈ ਕਿ ਇਹ ਦਸਮੇਸ਼, ਭਾਵ ਦਸਵਾਂ ਈਸ਼ਵਰ ਗੁਰੂ ਨਾਨਕ ਹੀ ਹੈ -
ਦਸਮ ਜੀ ਨੇ ਆਪਣੀ ਕਾਰਜ ਪੂਰਤੀ ਦਰਸਾਂਉਦਿਆਂ ਹੀ ਲਿਖਿਆ :-
'੧ੳ ਸ੍ਰੀ ਵਾਹਿਗੁਰੂ ਜੀ ਕੀ ਫਤਹਿ'
ਭਾਵ, ਗੁਰੂ ਨਾਨਕ ਤੋਂ ਲੈਕੇ ਜੋ ਕਾਰਜ 'ਦੁਸ਼ਟ ਸੰਘਾਰਣ, ਸੰਤ ਉਬਾਰਨ' ਲਈ ਸਥਾਪਤ ਕੀਤਾ ਸੀ :-
'ਆਪ ਪ੍ਰਭੂ ਗੁਰੂ ਨਾਨਕ ਰੂਪੰ-ਪ੍ਰਗਿਟ ਭਏ ਜਗਮੈ ਸੁਖ ਭੂਪੰ,' ਉਲੀਕਿਆ ਸੀ,
ਓਹ ਦਸਵੇਂ ਈਸ਼ਵਰ ਨੇ ਵਾਹਿਗੁਰੂ ਜੀ ਕੀ ਫਤਹਿ ਕਹਿਕੇ, ਜਿੱਤ ਦਾ ਨਿਸ਼ਾਨ ਲਗਾ ਦਿਤਾ । ਐ ਅਕਾਲ ਪੁਰਖ ਜਿਸ ਕਾਰਜ ਲਈ ਤੂੰ ਸਾਨੂੰ ਆਪਣੀ ਸ਼ਕਤੀ ਦੇਕੇ ਭੇਜਿਆ ਸੀ, ਤੇਰੀ ਕਿਰਪਾ ਨਾਲ ਉਸਦੀ ਵਿਜੈ (ਜਿੱਤ) ਹੋਈ, ਅਤੇ ਤੇਰੀ 'ਭਗਵਤੀ' ਸ਼ਕਤੀ ਨਾਲ ਅਸੀਂ ਇਹ ਜਿੱਤ ਪ੍ਰਾਪਤ ਕਰ ਸਕੇ ਹਾਂ ।
ਇਸੇ ਹੀ ਸ਼ਕਤੀ ਨੂੰ ਗੁਰੂ ਜੀ ਬਚਿਤ੍ਰ ਨਾਟਕ ਵਿਚ 'ਕਾਲਿਕਾ' ਦੇ ਨਾਮ ਨਾਲ ਸੰਬੋਧਤ ਕਰਦੇ ਹਨ ਯਥਾ:-
"ਹੇਮਕੁੰਟ ਪ੍ਰਬਤ ਹੈ ਯਹਾਂ, ਸਪਤ ਸ੍ਰਿੰਗ ਸੋਭਤ ਹੈ ਤਹਾਂ ।
ਸਪਤ ਸ੍ਰਿੰਗ ਤਹਿ ਨਾਂਮ ਕਹਾਵਾ, ਪੰਡ ਰਾਜ ਜਹਿ ਜੋਗ ਕੁਮਾਵਾ ।
ਤਹਿ ਹਮ ਅੱਧਕ ਤਪੱਸਿਆ ਸਾਧੀ
ਮਹਾਂ ਕਾਲ ਕਾਲਿਕਾ ਅਰਾਧੀ ।"
ਇਥੇ ਮਹਾਂ-ਕਾਲ ਪੁ-ਲਿੰਗ ਅਕਾਲ ਪੁਰਖ ਹੈ ਅਤੇ 'ਕਾਲਿਕਾ' ਇਸਤ੍ਰੀ-ਲਿੰਗ ਮਹਾਂ ਸ਼ਕਤੀ ਭਗੌਤੀ ਹੈ, ਅਤੇ ਭਗਵਤੀ ਅਤੇ ਭਵਾਨੀ ਇਕੋ ਅਰਥ ਰਖਦੇ ਹਨ । ਭਵੇਂਸ਼ ਭਵਾਨੀ, ਭਾਵ ਸਾਰੇ ਜਗਤ ਦੀ ਈਸ਼ਵਰ-ਮਾਲਿਕ ਹੈ ।
"ਤਹਿ ਹਮ ਅੱਧਕ ਤਪੱਸਿਆ ਸਾਧੀ, ਮਹਾਂ ਕਾਲ, ਕਾਲਿਕਾ ਅਰਾਧੀ" ।
'ਕਾਲਿਕਾ' ਭਗਾਉਤੀ, ਇਸਤ੍ਰੀ-ਲਿੰਗ ਹੋਣ ਕਰਕੇ ਮਹਾਂ ਕਾਲ ਅਕਾਲ ਪੁਰਖ ਦੀ ਸ਼ਕਤੀ ਹੈ ਜੋ ਕਾਲ ਨੂੰ ਵੀ ਆਪਣੇ ਵਿਚ ਲੀਨ ਕਰ ਲੈਂਦੀ ਹੈ । ਸ਼ਕਤੀ ਦਾ ਸਥਾਨ ਸਭ ਤੋਂ ਉਚਾ ਅਤੇ ਸ੍ਰੇਸ਼ਟ ਹੈ । ਇਹ ਕੋਈ ਦੇਵੀ ਦਾ ਨਾਮ ਨਹੀਂ ਬਲਕੇ ਅਕਾਲ ਪੁਰਖ ਦੀ ਅਨੰਤ ਅਤੇ ਅਸੀਮ ਸ਼ਕਤੀ ਹੈ ਜੋ ਸਾਰੇ ਸੰਸਾਰ ਵਿਚ ਵਿਚਰੀ ਹੋਈ ਹੈ । ਇਹੋ ਹੀ ਕੁਦਰਤ ਨੂੰ ਸਾਜਣ ਵਾਲੀ ਅਤੇ ਇਸੇ ਨਾਲ ਹੀ ਪਸੂ ਪੰਛੀ, ਦੇਵ ਅਦੇਵ, ਮਨੁੱਖ ਜੋ ਵੀ ਪ੍ਰਾਣੀ ਹਨ ਉਹ ਸਭ ਸ਼ਕਤੀ ਨਾਲ ਹੀ ਜੀਉਂਦੇ ਜਾਗਦੇ ਹਨ । ਜਦ ਕੋਈ ਵੀ ਪ੍ਰਾਣੀ ਸ਼ਕਤਿ ਹੀਣ ਹੋ ਜਾਂਦਾ ਹੈ ਤਾਂ ਓਹ ਮਰ ਜਾਂਦਾ ਹੈ । ਇਹੋ ਹੀ ਸ਼ਕਤੀ ਸਰਬ ਵਿਆਪਕ ਹੈ । ਜਿਨ੍ਹਾਂ ਵੀ ਅਵਤਾਰਾਂ ਨੇ ਸ਼ਕਤੀ ਦਾ ਅਰਾਧਨ ਕਰ ਲਿਆ, ਉਹਨਾਂ ਦੀ ਕਦੇ ਪਰਾਜੈ ਨਹੀਂ ਹੋਈ । ਇਸ ਤੋਂ ਹੀ ਦਸਮ ਜੀ ਨੇ ਜਿੱਤ ਦਾ ਡੰਕਾ ਵਜਾਇਆ ਹੈ ।

ਦਸਮ ਪਿਤਾ ਜੀ ਅੱਗੇ ਚਲਕੇ 'ਬਚਿੱਤ੍ਰ ਨਾਟਕ' ਵਿਚ ਲਿਖਦੇ ਹਨ:-
"ਸਰਬ ਕਾਲ ਹੈ ਪਿਤਾ ਅਪਾਰਾ ॥ ਦੇਬਿ ਕਾਲਕਾ ਮਾਤ ਹਮਾਰਾ ॥
ਇਸਦਾ ਅਰਥ ਸਾਫ ਹੈ, "ਸਭ ਦਾ ਕਾਲ ਕਰਨ ਵਾਲਾ (ਅਪਾਰ) ਵਾਹਿਗੁਰੂ ਹੈ, ਉਹੋ ਹੀ ਮੇਰਾ ਪਿਤਾ ਹੈ । ਉਸਦੀ ਦੇਵ ਪ੍ਰਕਾਸ਼ ਰੂਪ ਸ਼ਕਤੀ ਕਾਲਿਕਾ ਮੇਰੀ ਮਾਤਾ ਹੈ ।"
ਇਸੇ ਪ੍ਰਕਾਸ਼ ਰੂਪ ਸ਼ਕਤੀ ਨੂੰ ਮਾਂ ਭਗਵਤੀ ਜਾਂ ਭਗੌਤੀ ਕਰਕੇ ਗੁਰੂ ਜੀ ਨੇ ਪ੍ਰਥਮ ਸਿਮਰਿਆ ਹੈ ।

Bhagauti
Bhagauti is that celestial supreme power that represents the female form of the Almighty e.g. The Almighty as the male and Bhagauti as the female (mother) aspect of Divine reverence. This supreme Godly power is the creator of Brahma, Vishnu and Shiva.e.g. "Eka Mai jugat viai tin chele parwaan, ikk sansari, ikk bhandari ikk laye diban - Japuji Sahib, meaning:- The One Divine

Mother conceived and gave birth to the three deities - One the Creator of the world; One the Sustainer, and One the Destroyer." Bhagat Kabir Ji also says in his bani, "Aval Allah noor upaya, kudrat dey sab bande, Ek NOOR tey sab jab upjeya kaun bhale kaun mande.." e.g. God created one Noor (Shakti or Power) which in turn created the universe. "And in praise of this power Guru Gobind Singh Ji inscribes in Chandi di Vaar:-

"Tein he Durga saaj key denta da naas kraya, tethon he bal Ram ley nal bana dehsur ghaiya. Tethon he bal Krisan ley Kans Kesi pakad giraya. Badey badey mune devtey keyi jug tini tun taeya. Kini tera ant na paeya."

Meaning:-

"You are the one who created Durga, who destroyed the demons. Lord Rama derived the strength from you with which he vanquished the ten-headed Ravana. Krishna borrowed the power from you with which he subjugated Kans and Kesi. All Gods, demi-gods and saints who worshipped you in different eons could not comprehend you. "

Dr.Manjit Singh, in his article, 'Chandi di Var wich mith da rupantarn', included in the book by Dr. Mohinder Kaur Gill in her book, "Dasam Guru Rachna Sansar" writes,"The creator of all the universe is the boundless and eternal power of God. Like all the other gods, demi-gods and the demons, Durga is also the creation of this boundless and eternal power." (Page 141)

This was the same supreme power that Guru Gobind Singh Ji paid homage to on the mountaintop of Naina Devi.

This power is also the initial luminary referred to in the Ardass (supplication) by Guru Gobind Singh after asking for Victory to the Almighty e.g.:-

"Pritham Bhagauti simar ke Guru Nanak Laeen dhiaye…"

"Initially pray to Bhagauti and then meditate upon Guru Nanak…"

Accordingly Guru Gobind Singh Ji visualised Guru Nanak as the All Prevailing God, as is mentioned in the Guru Granth Sahib:-

" Jot roop har aap Guru Nanak kahayeo "

Meaning:- " The divine light of the Supreme Being manifested in the appearance of Guru Nanak."

The Almighty placed His Eternal light in Guru Nanak, which subsequently passed on to the other Gurus and eventually 'glowed' in the tenth Guru, Guru Gobind Singh that made Him say these immortal words:-

"Waheguru Ji ki Fateh" i.e. "Victory to the Almighty"

the essence of which the Guru achieved with the blessing of mother Bhagauti, i.e.'Shakti'.

This supreme power is expressed with the name of 'Kalika' in the autobiography "Bachitter Natak"of Guru Gobind Singh in which He scribes:-

" Hemkunt parbat hai yahan, sapt sring sobhat hai tahan,
Sapt Sring teh naam kahava, Pund raj jeh jog kumava.
Teh hum adhik tapasya sadhi,
Mahan Kaal KALIKA aradhi."

Meaning:- "The Hemkunt Mountain, where the seven peaks are prominent. These seven peaks are where Raja Pandu meditated. Here I also meditaed very deeply and envisaged Maha Kaal and KALIKA."

Here 'Mahan Kaal' is the male form of the Almighty and 'Kalika' is the female form.

Bhagauti, Bhagwati, Bhweshan Bhawani etc. are all names given to this supreme power.

This supreme power being the female part of the Almighty controls the circle of life and death, and this power prevails all over the universe. Any one who prayed to this power never saw the face of defeat. That is the reason Guru Dasmesh profoundly petitioned to this celestial supreme power 'Bhagauti', and victory ceaselessly kissed His feet.

Furthermore in "Bachitter Natak", Guru Gobind Singh Ji narrates,

"Sarab Kaal hai pita Apara. Deb Kalka Maat Hamara."

The meaning is very clear, "The All prevailing and immortal Lord is my Father. His divine power

'Kalika' is my mother."
This is the same power that Guru Ji initially meditates on, and mentions as mother Bhagwati or Bhagauti.

ਉਗ੍ਰਦੰਤੀ

ਭਾਵ:- ਉਗਰ=ਭਿਆਨਕ ਪਾਪਾਂ ਨੂੰ ਦੰਤੀ=ਦਲਣ ਵਾਲੀ ਬਾਣੀ, ਜਿਸ ਵਿਚ ਦਸਮੇਸ਼ ਜੀ ਨੇ ਅਕਾਲ ਪੁਰਖ ਦੀ ਇਸ ਸ਼ਕਤੀ-ਭਗਉਤੀ ਨੂੰ 'ਪ੍ਰਥਮੈ ਭਗਉਤੀ ਸਿਮਰਕੈ ਫਿਰ ਗੁਰੂ ਨਾਨਕ ਲਈਂ ਧਿਆਇ' ਦਾ ਹੁਕਮ ਕਲਮ ਬੰਦ ਕੀਤਾ ਹੈ ਅਤੇ ਭਗਵਤੀ ਨੂੰ ਉਗ੍ਰਦੰਤੀ ਬਾਣੀ ਵਿਚ ਗੁਰੂ ਜੀ ਨੇ ਅਨੰਤ ਨਾਵਾਂ ਨਾਲ ਸ਼ਿੰਗਾਰਿਆ ਹੈ - ਦੇਵੀ ਭਗਉਤੀ, ਭਗਵਤੀ, ਭਵਾਨੀ, ਚੰਡੀ, ਕਾਲਕਾ, ਦੁਰਗਾ, ਨੰਦਾ ਆਦਿ । ਇਸਦਾ ਤਲਵਾਰ ਅਰਥ ਕਰਨਾ ਵੀ ਉਚਿਤ ਹੈ ਕਿਉਂਕਿ ਤਲਵਾਰ ਭਾਵੇਂ ਸ਼ਕਤੀ ਅਧੀਨ ਹੈ, ਸੁਤੰਤਰ ਨਹੀਂ ਫਿਰ ਵੀ ਸ਼ਕਤੀ ਤੋਂ ਬਿਨਾਂ ਵਡੇ ਤੋਂ ਵਡਾ ਸੂਰਮਾ ਵੀ ਕੋਈ ਕੰਮ ਨਹੀਂ ਕਰ ਸਕਦਾ, ਸ਼ਕਤੀ ਨਾਲ ਹੀ ਸੂਰਮਾਂ ਤਲਵਾਰ-ਖੜਗ ਚਲਾ ਕੇ ਸੰਘਾਰ ਕਰਦਾ ਹੈ । ਤਲਵਾਰ-ਖੜਗ ਤੋਂ ਬਿਨਾਂ ਸੂਰਬੀਰ ਲੜ ਮਾਰ ਨਹੀਂ ਸਕਦਾ । ਭਵਏਸ਼ ਭਵਾਨੀ ਭਾਵ ਸਾਰੇ ਸੰਸਾਰ ਦੀ ਈਸ਼ਵਰ ਕਰਤਾ-ਹਰਤਾ ਹੀ ਭਵਾਨੀ ਸ਼ਕਤੀ ਹੈ ਇਸ ਲਈ ਤਲਵਾਰ ਕਾਲ ਸ਼ਕਤਿ ਹੈ ।

Uggardanti

The 'Bani' (Holy Sermon) that destroys deadly sins, and in which Guru Gobind Singh Ji prayed to Ma Bhagwati prior to meditation on Guru Nanak. He mentions numerous names of this Supreme deity e.g. Devi Bhagauti, Bhagwati, Bhawani, Chandi, Kalika, Durga, Nanda etc.
The 'Bhagauti' as 'Sword' is also one of it's names, although "Sword" is something which in itself is not of any significance until in the hand of a warrior, when it becomes a 'Kaal Shakti' i.e.a powerful destroyer.

ਉਗ੍ਰਦੰਤੀ

Uggardanti

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥
ਅਕਾਲ ਪੁਰਖ ਤੇਰੀ ਸਦਾ ਜੈ (ਜਿੱਤ) ਹੋਵੇ ।
O Almighty, victory to thee.

ਸ੍ਰੀ ਭਗਉਤੀ ਜੀ ਸਹਾਇ ॥
ਸ੍ਰੀ ਭਗੌਤੀ ਜੀ ਸਹਾਇਤਾ ਕਰਨ ।
Let the benignity of Sri Bhagauti assist.

ਸ੍ਰੀ ਮੁਖਵਾਕ ਪਾਤਸ਼ਾਹੀ ੧੦ ॥
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮੁੱਖ ਤੋਂ ਉਚਾਰਨ ਕੀਤੀ ਬਾਣੀ ।
The narration of Guru Gobind Singh Ji, the Tenth Master.

ਭਗਉਤੀ ਜੀ ਕਾ ਛੰਦ ਛੱਕਾ ਪਹਿਲਾ
Bhagauti First Stanza

ਨਮੋ ਉਗ੍ਰਦੰਤੀ ਅਨੰਤੀ ਸੈਵਯਾ ॥
ਨਮੋ ਜੋਗ ਜੋਗੇਸਵਰੀ ਜੋਗ ਮੈਯਾ ॥
ਨਮਸ਼ਕਾਰ ਹੈ ਉਗ੍ਰ = ਭਿਆਨਕ ਪਾਪਾਂ ਨੂੰ ਦੰਤੀ = ਦਲਣ ਵਾਲੀ ਅਨੰਤ, (ਸੈਵਯਾ)ਸ੍ਰੇਸ਼ਟ ਸ਼ਕਤਿ ਵਾਲੀ ਮਾਤਾ ।
ਨਮਸ਼ਕਾਰ ਹੈ ਜੋਗ ਕਰ ਰਹੇ ਜੋਗੀਆਂ ਨੂੰ ਜੋਗ ਸ਼ਕਤਿ ਦੇਣ ਵਾਲੀ ਮਾਤਾ ।
Salutation to the All-Supreme and pure Mother - destroyer of deadly sins with Her mighty teeth.
Salutation to the Supreme Mother who bestows strength to the Ascetics (Jogis) to meditate.

ਨਮੋ ਕੇਹਰੀ ਬਾਹਨੀ ਸਤ੍ਰ ਹੰਤੀ ॥
ਨਮੋ ਸਾਰਦਾ ਬ੍ਰਹਮ ਵਿਦਿਆ ਪੜ੍ਹੰਤੀ ॥
ਨਮਸ਼ਕਾਰ ਹੈ ਸਿੰਘ (ਸ਼ੇਰ) ਦੀ ਸਵਾਰੀ ਕਰਕੇ ਦੁਸ਼ਟਾਂ ਨੂੰ ਮਾਰਨ ਵਾਲੀਏ ।
ਨਮਸ਼ਕਾਰ ਹੈ ਸਰਸਵਤੀ ਰੂਪ ਹੋ ਕੇ ਆਪਣੇ ਸੇਵਕਾਂ ਨੂੰ ਬ੍ਰਹਮ ਵਿਦਯਾ ਦੇਣ ਵਾਲੀਏ ।
Salutation to the rider of the Lion and killer of the demons.
Salutation to Mother Saraswati who enlightens Her disciples.

ਨਮੋ ਰਿੱਧ ਦਾ ਸਿੱਧਿ ਦਾ ਬੁੱਧਿ ਦੈਨੀ ॥
ਨਮੋ ਕਾਲ ਕੇ ਕਾਲ ਕਉ ਕਾਲ ਛੈਨੀ ॥
ਨਮਸ਼ਕਾਰ ਹੈ ਆਪਣੇ ਸੇਵਕਾਂ ਨੂੰ ਰਿੱਧੀਆਂ ਸਿੱਧਆਂ ਅਤੇ ਬੁਧਿ ਦੇਣ ਵਾਲੀਏ ।
ਨਮਸ਼ਕਾਰ ਹੈ ਕਾਲ ਦੇ ਕਾਲ ਨੂੰ (ਛੈਨੀ) ਪਰਾਜੈ ਕਰਨ ਵਾਲੀਏ ਤੈਨੂੰ ਨਮਸ਼ਕਾਰ ਹੈ ।
Salutation to the one that gives magical powers and wisdom to Her devotees.
Salutation to the one that has triumphed over death.

ਨਮੋ ਕਾਲ ਅਜਾਲ ਹੈ ਹੇਰ ਤੇਰੋ ॥
ਨਮੋ ਤੀਨ ਹੁ ਲੋਕ ਕੀਨੋ ਅਹੇਰੋ ॥
ਨਮਸ਼ਕਾਰ ਉਸਨੂੰ ਜੋ ਕਾਲ ਦੇ ਜਾਲ ਦੀ ਪਕੜ ਵਿਚ ਨਹੀਂ ਆਉਂਦੀ ।
ਨਮਸ਼ਕਾਰ ਉਸਨੂੰ ਜਿਸਦਾ ਤਿੰਨੇ ਲੋਕ-ਧਰਤੀ, ਅਕਾਸ਼ ਅਤੇ ਪਤਾਲ ਗੀਤ ਗਾਉਂਦੇ ਹਨ ।
Salutation to the one that cannot be caught in the web of mortality .
Salutation to the one whose praises are sung in the three worlds i.e.this world, the celestial world and the nether world.

ਨਮੋ ਜੋਤਿ ਜਵਾਲਾ ਤੁਮੈ ਬੇਦ ਗਾਵੈਂ ॥
ਸੁਰਾਸੁਰ ਰਿਖੀਸਵਰ ਨਹੀਂ ਭੇਦ ਪਾਵੈਂ ॥
ਨਮਸ਼ਕਾਰ ਜਵਾਲਾ=ਅਗਨੀ ਦੇ ਪ੍ਰਚੰਡ ਜੋਤਿ ਵਾਲੀ ਜਿਸਨੂੰ ਵੇਦ, ਗਿਆਨੀ ਲੋਕ ਗਾਉਂਦੇ ਹਨ ।
ਦੇਵ,ਦੈਂਤ, ਰਿਖੀ ਮੁਨਿ ਵੀ ਜਿਸਦਾ ਭੇਦ ਨਹੀਂ ਪਾ ਸਕਦੇ ।
Salutation to one with the glowing flame that the Vedas and the learned sing praise of.
Even the demi-gods, demons, sages cannot comprehend this one.

ਤੁੰਹੀ ਜੋਗ ਜੋਗਤਣ ਤੁਹੀ ਖੜਗ ਧਾਰੇ ॥
ਤੁਹੀ ਜੈ ਕਰੰਤੀ ਅਸੁਰ ਗਹਿ ਪਛਾਰੇ ॥
ਤੁਹੀਂ ਜੋਗੀਆਂ ਨੂੰ ਜੋਗ ਕਰਨ ਦੀ ਜੁਗਤੀ ਦਸਣ ਵਾਲੀ ਹੈਂ ।
ਤੁਹੀਂ ਅਸੁਰਾਂ ਨੂੰ ਪਛਾੜ ਕੇ ਉਨ੍ਹਾਂ ਤੇ ਫਤਹਿ ਪਾਉਂਦੀ ਹੈਂ ।
You are the one who teaches the techniques of yoga to the yogis.
You clash with the demons and vanquish them.

ਤੁਹੀ ਜੋਗਣੀ ਖੱਪਰ ਭਰਣੀ ਅਦੋਖੰ ॥
ਰਕਤ ਬੀਜ ਕੇ ਪ੍ਰਾਣ ਕੋ ਪਕੜ ਸੋਖੰ ॥
ਤੂੰ ਹੀ ਜੋਗਣੀ ਦੁਸ਼ਟਾਂ ਦਾ ਖੱਪਰ (ਪਿਆਲਾ) ਭਰਕੇ ਲਹੂ ਪੀਣ ਵਾਲੀ ਹੈ ਅਤੇ ਆਪਣੇ ਸੇਵਕਾਂ ਨੂੰ ਦੁਖਾਂ ਤੋਂ ਮੁਕਤਿ ਕਰਦੀ ਹੈਂ ।
ਤੁਹੀਂ ਰਕਤ ਬੀਜ ਦੈਂਤ ਦਾ ਲਹੂ ਸੁਕਾ ਦੇਣ ਵਾਲੀ ਸ਼ਕਤੀ ਹੈਂ ।
You are the one who drinks from the bowl, the blood of the demons and is a saviour of your devotees.
You are the one who dried up the blood of Rakat Beej (a demon).

ਤੁਹੀ ਜਲ ਥਲੇ ਪਰਬਤੇ ਗਿਰਿ ਨਿਵਾਸੀ ॥
ਤੁਹੀ ਸਭ ਘਟਨ ਨਿਰਾਲਮ ਪ੍ਰਕਾਸੀ ॥
ਤੁਹੀਂ ਜਲਾਂ-ਥਲਾਂ ਪ੍ਰਬਤਾਂ ਗਿਰ(ਪਹਾੜਾਂ) ਵਿਚ ਨਿਵਾਸ ਰਖਦੀ ਹੈਂ ।
ਤੁਹੀਂ ਸਾਰੇ ਰੋਮ ਰੋਮ ਵਿਚ ਸਵੈ ਪ੍ਰਕਾਸ਼ਮਾਨ ਹੈਂ ।
You reside in oceans, earth and mountains.
You are self-radiant in all matter.

ਤੁਹੀ ਦੁਸਟ ਦਾਹਿਨ ਤੁਹੀ ਸਰਬ ਪਾਲੀ ॥
ਤੁਹੀ ਬ੍ਰਿਛ ਪੁਹਿਪਾ ਤੁਹੀ ਆਪ ਮਾਲੀ ॥
ਤੁਹੀਂ ਦੁਸ਼ਟਾਂ ਦਾ ਨਾਸ ਕਰਨ ਵਾਲੀ ਅਤੇ ਸਾਰਿਆਂ ਦੀ ਪਾਲਣਾ ਕਰਨ ਵਾਲੀ ਹੈਂ ।
ਤੁਹੀਂ ਬ੍ਰਿਖਸ਼ ਅਤੇ ਤੂੰਹੀ ਫੁੱਲ ਅਤੇ ਤੂੰ ਹੀ ਇਨ੍ਹਾਂ ਦੀ ਪਾਲਣਾ ਕਰਨ ਵਾਲੀ ਮਾਲੀ hYN [
You are the one who destroys the evil and takes motherly care of all.
You are the plant and you are the flower and you are gardner who takes care of it.

ਤੁਹੀ ਵਿਸਵ ਭਰਣੀ ਤੁਹੀ ਜਗ ਪ੍ਰਕਾਸੀ ॥
ਤੁਹੀ ਅਲਖ ਬਰਣੀ ਤੁਹੀ ਭੁ ਅਕਾਸੀ ॥
ਤੁਹੀਂ ਵਿਸ਼ਵ (ਸੰਸਾਰ) ਦਾ ਪਾਲਣ ਕਰਦੀ ਹੈਂ, ਤੇਰਾ ਹੀ ਜਗਤ ਵਿਖੇ ਪ੍ਰਕਾਸ਼ (ਚਾਨਣ) ਹੈ ।
ਤੁਹੀਂ ਅਲਖ ਬਰਣੀ (ਅਣਡਿੱਠ, ਵੇਖੀ ਨਾ ਜਾਣ ਵਾਲੀ) ਅਤੇ ਤੂੰ ਬੇਅੰਤ ਹੈਂ ਅਤੇ ਪ੍ਰਿਥਵੀ ਅਤੇ ਅਕਾਸ਼ ਵੀ ਤੂੰ ਹੀ ਹੈਂ ।
You are nourisher of the universe and your radiance is apparent all over.
You are the invisible power, you are infinite and you are the earth and the firmament.

ਨਮੋ ਜਾਲਪਾ ਦੇਵਿ ਦੁਰਗੇ ਭਵਾਨੀ ॥
ਤਿਹੁ ਲੋਕ ਨਵਖੰਡ ਮੈਂ ਤੁਮ ਪ੍ਰਧਾਨੀ ॥
ਨਮਸ਼ਕਾਰ ਜੋ ਸਭ ਨੂੰ ਬੋਲਣ ਦੀ ਸ਼ਕਤੀ ਦੇਣ ਵਾਲੀ ਦੈਵੀ ਸ਼ਕਤੀ ਦੁਰਗਾ ਭਵਾਨੀ ਹੈਂ ।
ਤਿੰਨਾਂ ਲੋਕਾਂ ਅਤੇ ਨੌਆਂ ਖੰਡਾਂ'ਚ ਤੂੰਹੀ ਪ੍ਰਧਾਨ (ਵੱਡੀ) ਹੈਂ ।
Salutation to the Godly Durga Bhavani, the one who bestows the power of speech to everyone.
You are prominent in the three worlds and nine cosmic regions.

ਅਟਲ ਛੱਤ੍ਰ ਧਰਣੀ ਤੁਹੀ ਆਦਿ ਦੇਵੰ ॥
ਸਕਲ ਮੁਨਜਨਾ ਤੋਹਿ ਨਿਸ ਦਿਨ ਸਰੇਵੰ ॥
ਤੇਰਾ ਛੱਤ੍ਰ ਅਟੱਲ = ਸਦਾ ਰਹਿਣ ਵਾਲਾ ਰਾਜ ਹੈ, ਤੁਹੀਂ ਆਦਿ-ਸਭ ਤੋਂ ਪਹਿਲਾ (ਮੁੱਢ)
ਹੈਂ ।
ਸਾਰੇ ਮੁਨੀ ਜਨ ਤੈਨੂੰ ਰਾਤ ਦਿਨ ਸੇਵਦੇ ਅਰਥਾਤ ਤੇਰੀ ਪੂਜਾ ਕਰਦੇ ਹਨ ।
Your kingdom is Eternal and you are the beginning of Eternity.
All the hermits and men pray to you day and night.

ਤੁਹੀ ਕਾਲ ਅਕਾਲ ਕੀ ਜੋਤਿ ਛਾਜੈ ॥
ਸਦਾ ਜੈ ਸਦਾ ਜੈ ਸਦਾ ਜੈ ਬਿਰਾਜੈ ॥
ਤੁਹੀਂ ਸਭ ਦਾ ਕਾਲ ਹੈਂ ਅਤੇ ਤੁਹੀਂ ਅਕਾਲ ਦੀ ਜੋਤ ਸਾਰੇ ਸੰਸਾਰ ਵਿਚ ਛਾਈ ਹੋਈ ਹੈਂ।
ਸਦਾ ਤੇਰੀ ਜੈ ਹੈ ਸਦਾ ਤੇਰੀ ਜੈ ਹੈ ਤੇਰੀ ਹਮੇਸ਼ਾਂ ਹੀ ਜੈ ਰਹੇ ।
You are the destroyer of all and you are the Divine light of the Lord prevailing in the universe.
Victory is yours at this time and will forever remain.

ਯਹੀ ਦਾਸ ਮਾਂਗੈ ਕ੍ਰਿਪਾ ਸਿੰਧੁ ਕੀਜੈ ॥
ਸੰਵਯ ਬ੍ਰਹਮ ਕੀ ਭਗਤ ਸਰਬੱਤ੍ਰ ਦੀਜੈ ॥
ਮੈਂ ਤੇਰਾ ਦਾਸ ਤੇਰੇ ਕੋਲੋਂ ਵਿਸ਼ਾਲ ਸਮੁੰਦਰ ਵਰਗੀ ਕਿਰਪਾ ਮੰਗਦਾ ਹਾਂ ।
ਆਪ ਸਵੈਮ ਹੀ ਬ੍ਰਹਮ(ਅਕਾਲ ਪੁਰਖ) ਦੀ ਭਗਤੀ ਸਭ ਨੂੰ ਪ੍ਰਦਾਨ ਕਰੋ ।
I, your slave, beg for your compassion, which is limitless like an ocean.
Please bestow in all, the ability of devotion to the Almighty.

ਤੁਹੀ ਜਾਗਤੀ ਜੋਤਿ ਜਾਵਲਾ ਸਰੂਪੰ ॥
ਤੁਹੀ ਜਗ ਸਕਲ ਮਹਿ ਰਮੰਤੀ ਅਨੂਪੰ ॥
ਤੁਹੀਂ ਜਾਗਤੀ ਅਗਨ ਰੂਪ ਪ੍ਰਕਾਸ਼ਮਾਨ ਹੈਂ ।
ਤੁਹੀ ਸਾਰੇ ਜਗਤ ਵਿਚ ਰਮੀ ਹੋਈ (ਸਮਾਈ ਹੋਈ) ਹੈ ਜਿਸਦੀ ਉਪਮਾਂ ਨਹੀਂ ਹੋ
ਸਕਦੀ ।
You are the Divine light generating illumination
You are assimilated in this universe and none can eulogize you.

ਮਹਾਂ ਮੂੜ ਹਉਂ ਦਾਸਨ ਤਿਹਾਰਾ ॥
ਪਕੜ ਬਾਂਹ ਭਉਜਲ ਕਰਹੁ ਬੇਗ ਪਾਰਾ ॥
ਮੈਂ ਤੇਰੇ ਦਾਸਾਂ ਦਾ ਦਾਸ ਬਹੁਤ ਮੂੜ (ਮੂਰਖ) ਹਾਂ ।
ਮੇਰੀ ਬਾਂਹ ਪਕੜਕੇ ਇਸ ਭਵ ਸਾਗਰ ਤੋਂ ਛੇਤੀਂ ਪਾਰ ਕਰੋ ।
I am the slave of your slaves and very inane.
Hold my arm and make me presently cross this ocean of life and death.

ਫਤਹਿ ਡੰਕ ਬਾਜੈ ਕ੍ਰਿਪਾ ਯੌਂ ਕਰੀਜੈ ॥
ਯਹੀ ਬਾਰਤਾ ਦਾਸ ਕੀ ਨਿਤ ਸੁਣੀਜੈ ॥
ਫਤਹਿ ਦਾ ਢੋਲ ਬੱਜੇ, ਐਸੀ ਕ੍ਰਿਪਾ ਕਰੋ ।
ਇਹੋ ਹੀ ਦਾਸ ਦੀ (ਮੇਰੀ) ਬੇਨਤੀ ਰੋਜ਼ ਸੁਣੋ ।
The drum of victory should resound, bestow me that favour.
Please take heed of my daily plea.

ਕਰਹੁ ਹੁਕਮ ਅਪਨਾ ਸਭੈ ਦੁਸਟ ਘਾਊਂ ॥
ਤੁਰਕ ਹਿੰਦ ਕਾ ਸਕਲ ਝਗਰਾ ਮਿਟਾਊਂ ॥
ਮੈਂਨੂੰ ਹੁਕਮ ਕਰੋ ਸਾਰੇ ਦੁਸ਼ਟਾਂ ਦਾ ਨਾਸ ਕਰ ਦੇਵਾਂ ।
ਤੁਰਕਾਂ ਹਿੰਦੂਆਂ ਦਾ ਇਹ ਰੋਜ਼ ਦਾ ਝਗੜਾ ਮੁਕਾ ਦੇਵਾਂ ।
Sanction me to destroy all the evil (persons) -
(and) end this every day conflict between the Hindus and Muslims.

ਅਗਮ ਸੂਰਬੀਰੇ ਉਠਹਿ ਸਿੰਘ ਜੋਧਾ ॥
ਪਕੜ ਤੁਰਕ ਗਨ ਕਉ ਕਰੈ ਵੈ ਨਿਰੋਧਾ ॥
ਬੇਅੰਤ ਬਲਵਾਨ ਸੂਰਬੀਰ ਸਿੰਘ ਜੋਧੇ ਉਠਨਗੇ ।
ਉਹ ਤੁਰਕਾਂ ਦੇ ਗਨ (ਸਮੂਹ) ਹੋਕੇ ਉਨ੍ਹਾਂ ਨੂੰ ਬਲਹੀਨ ਕਰ ਦੇਣਗੇ ।
Ample brave Singh warriors will rise.
They will face the Turks and and make them defenceless.

ਸਕਲ ਜਗਤ ਮੋ ਖਾਲਸਾ ਪੰਥ ਗਾਜੈ ॥
ਜਗੈ ਧਰਮ ਹਿੰਦੁਕ ਤੁਰਕਨ ਦੁੰਦ ਭਾਜੈ ॥
ਸਾਰੇ ਜਗਤ ਵਿਚ ਖਾਲਸਾ ਪੰਥ ਦਾ ਬੋਲ ਬਾਲਾ ਹੋਵੇਗਾ ।
ਹਿੰਦੂ ਧਰਮ ਫੈਲ ਜਾਵੇਗਾ ਤੇ ਤੁਰਕਾਂ ਨੂੰ ਭਾਜੜ ਪੈ ਜਾਵੇਗੀ ।
Throughout the world the Khalsa Panth will be prominent
The Hindu Dharma will prevail, and the Turks will be in flight.

ਜਪਉਂ ਜਾਪ ਏਕੈ ਹਰੇ ਹਰਿ ਅਕਾਲੰ ॥
ਹੈਵ ਤਬ ਦੁਨੀਆਂ ਸਭ ਛਿਨਕ ਮੈਂ ਨਿਹਾਲੰ ॥
ਸਾਰੇ ਇਕ ਅਕਾਲ ਪੁਰਖ ਦਾ ਜਾਪ ਜਪਣਗੇ ।
ਸਾਰੀ ਦੁਨੀਆ ਛਿਨ ਵਿਚ ਨਿਹਾਲ (ਸੁਖੀ) ਹੋ ਜਾਵੇਗੀ ।
Every one will worship only the one Almighty.
The entire world will immediately be blissful.

ਸੁਣਹੁ ਤੁਮ ਭਵਾਨੀ ਹਮਨ ਕੀ ਪੁਕਾਰੇ ॥
ਕਰਹੁ ਦਾਸ ਪਰ ਮਿਹਰ ਅਪਰੰ ਅਪਾਰੇ ॥
ਐ ਭਵਾਨੀ ਮਾਤਾ ਮੇਰੀ ਪੁਕਾਰ=ਬੇਨਤੀ ਸੁਣੋ ।
ਆਪਣੇ ਦਾਸ ਪਰ ਵੱਡੀ ਤੋਂ ਵੱਡੀ ਮਿਹਰ ਕਰੋ ।
My Bhavani Ma, please listen to my plea.
Bestow great blessings on your slave.

ਦੋਹਰਾ
Couplet
ਦਵਾਰ ਤੁਮਾਰੇ ਠਾਢ ਹਉਂ ਇਕ ਬਰ ਦੀਜੈ ਮੋਹਿ ॥
ਪੰਥ ਚਲੈ ਤਬ ਜਗਤ ਮੈ ਦੁਸਟ ਖਪਾਵਹੁ ਤੋਹਿ ॥੧॥
ਮੈਂ ਤੇਰੇ ਦੁਆਰ ਤੇ ਖੜਾ (ਠਾਡ) ਹੋਕੇ ਇਹ ਵਰ ਮੰਗਦਾਂ ਹਾਂ ।
ਪੰਥ ਜਗਤ ਵਿਚ ਤਾਂ ਚਲ ਸਕਦਾ ਹੈ ਜੇ ਤੂੰ ਦੁਸ਼ਟਾਂ ਦਾ ਨਾਸ਼ (ਖਪਾਵੇ) ਕਰੇਂ ।
I stand in your doorway and desire a boon.
The Panth will only prevail if you destroy the evil forces.

ਭਗਵਤੀ ਛੰਦ ਦੂਜਾ ॥੨॥
Bhagwati Stanza 2

ਨਮੋ ਕਾਲਕਾ ਕਾਲ ਰੂਪੀ ਕ੍ਰਿਪਾਨੀ ॥
ਨਮੋ ਸੁੰਭ ਨਿਸੁੰਭ ਨਾਸਨਿ ਭਵਾਨੀ ॥
ਨਮਸ਼ਕਾਰ ਹੈ ਤੈਂਨੂੰ ਐ ਕਾਲ ਰੂਪ ਭਵਾਨੀ ਦੈਵੀ ਸ਼ਕਤੀ, ਤੇਜ ਕ੍ਰਿਪਾਨ ਵਾਲੀਏ ।
ਨਮਸ਼ਕਾਰ ਹੈ ਸੁੰਭ ਨਿਸੁੰਭ ਦਾ ਨਾਸ਼ ਕਰਨ ਵਾਲੀਏ ।
Salutation to the Godly Eternal Power Bhawani, who adornes a sharp sword.
Salutation to the destroyer of Sumbh & Nishumbh (2 demons)

ਨਮੋ ਚੰਡ ਅਰ ਮੁੰਡ ਸੰਘਾਰ ਕਾਰੀ ॥
ਨਮੋ ਰਕਤ ਬੀਜਾਨ ਕੇ ਪ੍ਰਾਨ ਹਾਰੀ ॥
ਨਮਸ਼ਕਾਰ ਹੈ, ਚੰਡ ਮੁੰਡ ਨੂੰ ਮਾਰਨ ਵਾਲੀਏ ।
ਨਮਸ਼ਕਾਰ ਹੈ ਰਕਤ ਬੀਜਾਨ (ਬੀਜ ਦਾ ਬਹੁ ਵਚਨ ਬੀਜਾਨ ਹੈ, ਭਾਵ ਰਕਤ ਬੀਜ ਵਰਗਿਆਂ ਬਹੁਤਿਆਂ) ਦਾ ਨਾਸ਼ ਕਰਨ ਵਾਲੀ ॥
Salutation to the killer of Chandd and Mundd (2 demons).
Salutations to the destroyer of evil demons like Rakat Beej.

ਨਮੋ ਵੇਦ ਵਿੱਦਿਯਾ ਨਮੋ ਜੱਗਯ ਰੂਪਾ ॥
ਨਮੋ ਅੰਜਨੀ ਪੂਰਨੀ ਭੂਪ ਭੂਪਾ ॥
ਨਮਸ਼ਕਾਰ ਹੈ ਵੇਦ ਵਿਦਿਆ ਦਾ ਗਿਆਨ ਦੇਣ ਵਾਲੀਏ, ਨਮਸ਼ਕਾਰ ਹੈ ਯੱਗ ਹੋਮ ਦੇ ਪ੍ਰਚੰਡ ਰੂਪ ਵਾਲੀਏ ।
ਨਮਸ਼ਕਾਰ ਹੈ ਅਕ੍ਰਸ਼ਕ ਨੇਤਰਾਂ ਵਾਲੀ ਨੂੰ ਜੋ ਰਾਜਿਆਂ ਦੀ ਰਾਜਾ ਹੈਂ ।
Salutation to the giver of Veda knowledge and salutation to the fiery flame of the holy fire (Yug Havan)
Salutation to the one with enthralling eyes who is the King of Kings.

ਨਮੋ ਜੈ ਅਨੰਤੀ ਭੱਦ੍ਰਕਾਲੀ ਅਬਾਹੰ ॥
ਨਮੋ ਭਗਵਤੀ ਤੇਜਵੰਤੀ ਅਢਾਹੰ ॥
ਨਮਸ਼ਕਾਰ ਹੈ ਐ ਅਨੰਤ ਬਲਵਾਲੀ ਭਦ੍ਰਕਾਲੀ =ਦੁਰਗਾ ਆਬਾਹੂੰ = ਜਿਸ ਦੀਆਂ ਬਾਹਾਂ ਦਾ ਅੰਤ ਨਹੀਂ=ਤਾਕਤ ਦਾ ਅੰਤ ਨਹੀਂ।
ਨਮਸ਼ਕਾਰ ਹੈ ਭਗਵਤੀ ਤੇਜ ਪਰਤਾਪ ਵਾਲੀਏ,ਅਢਾਹੂੰ=ਕਿਸੇ ਤੋਂ ਨਾ ਢਹਿਣ (ਹਾਰਨ) ਵਾਲੀਏ ।
Salutation to the boundless possessor of power with infinte hands - the intensity of which can never be visualized.
Salutation to Bhagwati, possessor of great magnificence and subjugated by none.

ਨਮੋ ਸਕਤਿ ਰੁਪਣ ਅਗੰਮਣ ਅਡੋਲਾ ॥
ਨਮੋ ਖੜਗ ਧਾਰਨ ਅਛੇਦਣ ਅਤੋਲਾ ।
ਨਮਸ਼ਕਾਰ ਹੈ, ਸ਼ਕਤੀ ਰੂਪੀ ਬਲ ਵਾਲੀਏ, ਨਾ ਡੋਲਣ ਵਾਲੀਏ ।
ਨਮਸ਼ਕਾਰ ਹੈ, ਤਲਵਾਰ ਧਾਰਨ ਵਾਲੀਏ, ਨਾ ਕੱਟੀ ਜਾਣ ਵਾਲੀਏ ਅਤੋਲਾ (ਜਿਸਦਾ ਕੋਈ ਸਾਨੀ ਨਾ ਹੋਵੇ) ।
Salutation to the unshakeable and most supreme possessor of might.
Salutation to the invincible wielder of the sword.

ਨਮੋ ਗਰਬ ਗੰਜਨ ਸਿਰੀ ਜੋਗ ਮਾਯਾ ॥
ਸਭੈ ਥਕ ਰਹੇ ਮਰਮ ਕਿਨਹੂੰ ਨ ਪਾਯਾ
ਨਮਸ਼ਕਾਰ ਹੈ ਸਭ ਦਾ ਅਭਿਮਾਨ ਤੋੜਨ ਵਾਲੀਏ ਸ੍ਰੀ ਯੋਗ ਮਾਤਾ ।
ਸਾਰੇ ਥਕ ਗਏ ਪਰ ਕੋਈ ਵੀ ਤੇਰਾ ਮਰਮ (ਭੇਦ) ਨਾ ਪਾ ਸਕੇ ।
Salutation to Sri Yog Mata the obliterator of ego in all.
All tried but could not envisage your secret prowess.

ਤੁਹੀ ਜਲ ਅਗਨਿ ਪਵਨ ਤੂੰ ਹੂਰ ਨੂਰਾ ॥
ਤੁਹੀ ਜੋਤਿ ਉਡਗਨ ਤੁਹੀ ਚੰਦ ਸੂਰਾ ॥
ਜਲ ਵੀ ਤੂੰ ਹੈ, ਅਗਨੀ ਅਤੇ ਹਵਾ ਵੀ ਤੂੰ ਹੀ ਹੈ, ਅਤੇ ਸੁੰਦਰ ਨੂਰੀ ਨੇਤ੍ਰਾਂ ਦੇ ਪ੍ਰਕਾਸ਼ ਵਾਲੀ ਤੂੰ ਹੀ ਹੈਂ ।
ਚੰਦ ਤਾਰੇ, ਸੂਰਜ ਦੇ ਤੇਜ ਪ੍ਰਕਾਸ਼ ਵਾਲੀ ਜੋਤ ਵੀ ਤੂੰਹੀ ਹੈ ।
You are water, fire and air and also the one with the extraordinary radiant eyes
You are the light of stars, moon and the sun.

ਤੁਹੀ ਖੇਚਰਾ ਭੂਚਰਾ ਜੋਧ ਬੀਰੇ ॥
ਤੁਹੀ ਰੱਛਨੀ ਸ੍ਰਿਸਟਿ ਰੂਪਨ ਗਹੀਰੇ ॥
ਤੂਹੀਂ (ਖੇਚਰਾ) ਪ੍ਰਿਥਵੀ ਅਤੇ (ਭੂਚਰਾ)ਅਕਾਸ਼ ਤੇ ਭਰਮਣ ਕਰਨ ਵਾਲੀ ਬਹਾਦਰ ਯੋਧਾ
ਹੈਂ ।
ਤੂੰ ਹੀ ਸਰਿਸ਼ਟੀ ਦੀ ਰਕਸ਼ਾ ਕਰਨ ਵਾਲੀ ਸੁੰਦਰ ਸਰੂਪ ਅਲੌਕਿਕ ਸ਼ਕਤੀ ਹੈਂ ।
You are the brave warrior who travels on the earth and the constellation.
You are the beautiful eternal power who is the saviour of the universe.

ਤੁਹੀ ਜਗਤ ਜਨਨੀ ਅਨੰਤੀ ਅਕਾਲੰ ॥
ਤੁਹੀ ਅੰਨ ਦੈਨੀ ਸਭਨ ਕੋ ਸਮਾਲੰ ॥
ਤੂਹੀਂ ਜਗਤ ਦੇ ਜੀਵਾਂ ਨੂੰ ਜਨਮ ਦੇਣ ਵਾਲੀ, ਅਨੰਤ = ਅੰਤ ਅਤੇ ਕਾਲ ਤੋਂ ਬਿਨਾ ਹੈਂ ।
ਤੂੰ ਹੀ ਸਾਰਿਆਂ ਨੂੰ ਅੰਨ ਭੋਜਨ ਦੇ ਕੇ ਸੰਭਾਲਦੀ ਹੈਂ ।
You are the conceiving mother for all living beings and are beyond the cycle of birth and death.
You nourish every body by providing food for them.

ਤੁਹੀ ਖੰਡ ਬ੍ਰਹਮੰਡ ਭੂਮੰ ਸਰੂਪੀ ॥
ਤੁਹੀ ਬਿਸਨ ਸਿਵ ਬ੍ਰਹਮ ਇੰਦਰਾ ਅਨੂਪੀ ॥
ਤੂੰਹੀਂ ਧਰਤੀ ਦੇ ਨੌਂ ਖੰਡਾ ਬ੍ਰਹਮੰਡਾ ਦਾ ਪ੍ਰਕਾਸ਼ ਸਰੂਪ ਹੋ ।
ਤੂੰਹੀ ਵਿਸ਼ਨੂ, ਸ਼ਿਵ, ਬ੍ਰਹਮਾਂ ਤੇ ਇੰਦਰ ਹੈਂ ਅਤੇ ਉਪਮਾ ਤੋਂ ਰਹਿਤ ਹੈਂ(ਅਨੂਪੀ)।
You are the light in nine regions of the universe.
You are Vishnu, Shiva, Brahma and Indra and are beyond any acclamation.

ਤੁਹੀ ਸੀਤਲਾ ਤੋਤਲਾ ਬਾਕ ਬਾਨੀ ॥
ਨਮੋ ਚੰਡਕਾ ਮੰਗਲਾ ਸ੍ਰੀ ਭਵਾਨੀ ॥
ਤੂਹੀਂ ਸੀਤਲਾ (ਠੰਢੀ), ਤੋਤਲਾ (ਗਰਮ) ਬਾਕ= ਬਾਣੀ ਬੋਲਣ ਵਾਲੀ ਹੈਂ ।
ਨਮਸ਼ਕਾਰ ਹੈ, ਚੰਡਕਾ (ਦੁਰਗਾ) ਮੰਗਲਾ = ਪ੍ਰਸੰਨ ਕਰਨ ਵਾਲੀ ਭਵਾਨੀ ਮਾਂ ਨੂੰ ।
Your speech is cool and warm.
Salutation to Chandika, Durga who appeases all - being the Mother Bhavani.

ਨਹੀਂ ਤੁਮ ਬਿਨਾ ਕੋਇ ਰੱਛਕ ਹਮਾਰਾ ॥
ਤੁਹੀ ਆਦਿ ਕੁਆਰ ਦੇਵੀ ਅਪਾਰਾ ॥
ਤੇਰੇ ਬਗੈਰ ਮੇਰੀ ਕੋਈ ਰਕਸ਼ਾ ਕਰਨ ਵਾਲਾ ਨਹੀਂ ।
ਤੂਹੀਂ ਕੁਆਰੀ ਅਤੇ ਆਦਿ=ਸਭ ਦਾ ਮੁੱਢ ਹੈ ਔਰ ਤੇਰਾ ਪਾਰਾਵਾਰ ਨਹੀਂ ਹੈ ।
There is no one else who can assist me.
You are the chaste, the beginning and the infinite.

ਤੁਹੀ ਦੇਵਕੀ ਕ੍ਰਿਸਨ ਮਾਤਾ ਕਹਾਯੰ ॥
ਤੁਹੀ ਨੈਣਾ ਦੇਵੀ ਅਲਖ ਜਗ ਸਹਾਯੰ ॥
ਤੂਹੀਂ ਸ੍ਰੀ ਕ੍ਰਿਸ਼ਨ ਦੀ ਮਾਤਾ ਦੇਵਕੀ ਕਹਿਲਾਈਂ ।
ਤੂਹੀਂ ਸੁੰਦਰ ਨੇਤਰਾਂ ਵਾਲੀ ਨੈਣਾ ਦੇਵੀ ਕਹਿਲਾਈ ਅਤੇ ਅਲਖ (ਨਾ ਦਿਸਣ ਵਾਲੀ) ਸ਼ਕਤੀ ਜਗਤ ਦੀ ਰਕਸ਼ਕ ਹੈਂ ।
You were called Sri Krishna's mother Devki.
You are the beautiful eyed Naina Devi, the invisible power and protector of the universe.

ਤੁਹੀ ਥੰਭ ਸਿਉਂ ਨਿਕਸ ਨਰਸਿੰਘ ਹੋਈ ॥
ਉਦਰ ਹਰਨਾਖਸ ਕਾ ਨਖਹੁ ਕਰ ਪਰੋਈ ॥
ਤੂਹੀ ਨਰਸਿੰਘ ਰੂਪ ਧਾਰਕੇ ਥੰਮ ਵਿਚੋਂ ਪਰਗਟ ਹੋਈ ।
ਅਤੇ ਹਰਨਾਖਸ਼ ਦਾ ਆਪਣੇ ਨੌਹਾਂ ਨਾਲ ਪੇਟ ਪਾੜਿਆ ।
You transformed into Narsingh and manifested from the pillar.
With your nails you tore open the belly of Harnaksh.

ਤੁਹੀ ਕੱਛ ਹੁਇ ਦੈਤ ਮਧੁਕੀਟ ਜਾਰੇ ॥
ਤੁਹੀ ਹੋਇ ਬੈਰਾਹ ਹਿਰਨਾਛਯ ਮਾਰੇ ॥
ਤੂਹੀਂ ਕੱਛੂ ਦਾ ਰੂਪ ਧਾਰਿਆ ਅਤੇ ਮਧ ਅਤੇ ਕੀਟਬ ਦੈਂਤਾਂ ਨੂੰ ਸਿਰਜਿਆ ।
ਤੂਹੀਂ ਵਰਾਹ ਦਾ ਰੂਪ ਧਾਰਕੇ ਹਰਨਕਸ਼ਯਪ ਨੂੰ ਮਾਰਿਆ ।
You manifested as a turtle and are the creator of Madh and Keetab demons.
You manifested as a boar and killed Harankashyap.

ਤੁਹੀ ਹੁਇ ਬਾਵਨ ਮਹਾਂ ਛਲ ਦਿਖਾਯੋ ॥
ਪਕੜ ਰਾਜੇ ਬਲ ਕੋ ਪਤਾਲੈ ਪਠਾਯੋ ॥
ਤੂਹੀਂ ਬਾਵਨ=ਬੌਨਾ ਰੂਪ ਧਾਰਕੇ ਵੱਡਾ ਛਲ ਕੀਤਾ ।
(ਅਤੇ) ਰਾਜੇ ਬਲ ਨੂੰ ਪਕੜ ਕੇ ਪਤਾਲ ਵਿਚ ਭੇਜਿਆ ।
You manifested as Bawan the dwarf and performed a great act of deception.
And banished Raja Bal to the nether world.

ਤੁਹੀ ਹੋਇ ਪਰਸਰਾਮ ਜਗ ਮਹਿ ਪ੍ਰਕਾਸੀ ॥
ਸਕਲ ਛਤ੍ਰੀਅਨ ਕਉ ਕਰੈ ਛੈ ਬਿਨਾਸੀ ॥
ਤੂਹੀਂ ਪਰਸਰਾਮ ਹੋਕੇ ਜੱਗ ਵਿਚ ਪ੍ਰਗਟ ਹੋਈ ।
(ਅਤੇ) ਬਹੁਤ ਛਤਰੀਆਂ ਦਾ ਸਰਬ ਨਾਸ਼ ਕੀਤਾ ।
You manifested as Parasram in this world.
And destroyed innumerable Kshattries (a warrior clan).

ਤੁਹੀ ਫਿਰ ਭਈ ਰਾਮਚੰਦ੍ਰ ਅਪਾਰਾ ॥
ਪਕੜ ਲੰਕ ਸਉ ਦੈਤ ਰਾਵਣ ਪਛਾਰਾ ॥
ਤੂਹੀਂ ਫਿਰ ਰਾਮਚੰਦ੍ਰ ਦਾ ਅਵਤਾਰ ਧਾਰਿਆ ।
(ਅਤੇ) ਲੰਕਾ ਦੇ ਦੈਂਤ ਰਾਵਣ ਨੂੰ ਮਾਰਿਆ ।
You again were born as Lord Rama.
And destroyed Ravana the demon King of Lanka.

ਤੁਹੀਂ ਮੁਕਤਿ ਦਾਇਣੀ ਸਦਾ ਸੁਭ ਕਰੰਤੀ ॥
ਤੁਹੀ ਸੂਰ ਬਲਬੀਰ ਦੁਸਟਣ ਦਹੰਤੀ ॥
ਤੂਹੀਂ ਮੁਕਤੀ ਦੇਣ ਵਾਲੀ, ਹਮੇਸ਼ਾਂ ਸ਼ੁਭ ਕਰਨ ਵਾਲੀ ਹੈਂ ।
ਤੂਹੀਂ ਬਹਾਦਰ ਬਲ ਵਾਲੀ ਦੁਸ਼ਟਾਂ ਦਾ ਨਾਸ ਕਰਨ ਵਾਲੀ ਹੈਂ ।
You bestow salvation and are ceaselessly favourable.
You are brave with immense strength with which you annihilate the demons.

ਤੁਹੀ ਰਾਧਕਾ ਰੁਕਮਣੀ ਤੂੰ ਕੁਸ਼ਿੱਲਆ ॥
ਤੁਹੀ ਅੰਜਨੀ ਰੇਨਕਾ ਤੂੰ ਅਹੱਲਿਆ ॥
ਤੂਹੀਂ ਸ੍ਰੀ ਕ੍ਰਿਸ਼ਨ ਦੀ ਸਖੀ ਰਾਧਕਾ, ਉਸਦੀ ਰਾਣੀ ਰੁਕਮਣੀ ਅਤੇ ਸ੍ਰੀ ਰਾਮ ਦੀ ਮਾਤਾ ਕਉਸ਼ਲਿਆ ਹੈਂ ।
ਤੂਹੀਂ ਹਨੂਮਾਨ ਦੀ ਮਾਤਾ ਅੰਜਨੀ, ਪਰਸਰਾਮ ਦੀ ਮਾਤਾ ਰੇਣਕਾ ਅਤੇ ਤੂੰ ਹੀ ਗੌਤਮ (ਰਿਖੀ) ਦੀ ਨਾਰ ਅਹੱਲਿਆ ਹੈਂ ।
You are Sri Krishna's playmate Radhika and His queen Rukmani and Lord Rama's mother Kaushalya.
You are Hanuman's mother Anjani, Parasram's mother Renuka and you are Gautam's (sage) wife Ahalya.

ਤੁਹੀ ਭਰਣ ਪੋਖਣ ਸਭਨ ਪਰ ਕ੍ਰਿਪਾਲੀ ॥
ਕਰਹੁ ਮੋਹਿ ਮੁਕਤਾ ਕਟਹੁ ਭਰਮ ਜਾਲੀ ॥
ਤੂਹੀਂ ਸਭਨਾ ਦਾ ਪਾਲਣ ਪੋਸ਼ਣ ਕਰਨ ਵਾਲੀ ਕ੍ਰਿਪਾਲੂ (ਮਾਂ)ਹੈਂ ।
ਮੇਰਾ ਭਰਮ ਜਾਲ ਕੱਟ ਕੇ ਮੈਨੂੰ ਮੁਕਤੀ ਬਖਸ਼ੋ ।
You are the compassionate mother who nourishes and takes care of all.
(Please) cut this net of illusion and grant me salvation.

ਨਮੋ ਦੁਖ ਹਰੰਤੀ ਅਨੰਦਤ ਸਰੂਪਾ ॥
ਅਪਨ ਦਾਸ ਪਰ ਮਿਹਰ ਕੀਜੈ ਅਨੂਪਾ ॥
ਨਮਸ਼ਕਾਰ ਹੈ ਦੁਖਾਂ ਦੇ ਹਰਨ (ਕਟਣ) ਵਾਲੀ, ਅਨੰਦਿਤ ਕਰਨ ਵਾਲੀ ਰੂਪਵਤੀ ।
ਆਪਣੇ ਦਾਸ ਤੇ ਮਿਹਰ ਕਰੋ ਐ ਅਦੁਤੀ (ਸ਼ਕਤੀ) ।
Salutation to the heavenly reliever of suffering and the angel of tranquillity.
Have compassion on your slave O Unsurpassed Power.

ਦੋਹਰਾ
Couplet
ਦਾਸ ਜਾਨ ਕਰ ਆਪਨਾ ਕਿਰਪਾ ਕੀਜੈ ਮੋਹਿ ॥
ਇਹੈ ਬੇਨਤੀ ਦਾਸ ਕੀ ਸੁਣਹੁ ਭਵਾਨੀ ਤੋਹਿ ॥੨॥
ਆਪਣਾ ਦਾਸ ਜਾਣਕੇ ਮੇਰੇ ਤੇ ਕਿਰਪਾ ਕਰੋ ।
ਇਹੋ ਹੀ ਮੇਰੀ ਬੇਨਤੀ ਸੁਣੋ ਮਾਂ ਭਵਾਨੀ ।
I am your slave, shower your grace on me.
This is my invocation please listen to me O Mother Bhawani.

ਭਗਵਤੀ ਛੰਦ ਤੀਜਾ ॥੩॥
Bhagwati Stanza 3

ਤੁਹੀ ਕਲਪ ਬ੍ਰਿਛਣ ਤੁਹੀ ਕਾਮਧੇਨਾ ॥
ਤੁਹੀ ਅਸਟ ਸਿੱਧਣ ਤੁਹੀ ਨੂਰ ਨੈਨਾ ॥
ਤੁਹੀਂ ਸਭ ਕਾਮਨਾ ਪੂਰੀ ਕਰਨ ਵਾਲਾ ਕਲਪ ਬਰਿਕਸ਼ (ਅਤੇ) ਕਾਮਧੇਨ ਗਊ ਹੈਂ ।
ਤੁਹੀਂ ਅੱਠ ਸਿਧੀਆਂ ਅਤੇ ਨੂਰਾਨੀ ਨੈਣਾ ਵਾਲੀ ਹੈਂ ।
You fulfil all wishes similar to the 'Kalp' tree and the 'Kaamdhena' Cow.
You, with brilliant eyes, are the possessor of the eight miraculous powers.

ਤੁਹੀ ਸੁਰਗ ਪਾਤਾਲ ਬੈਕੁੰਠ ਧਰਣੀ ॥
ਤੁਹੀ ਪਾਪ ਖੰਡਣ ਉਦਰ ਜਗਤ ਭਰਣੀ ॥
ਤੁਹੀਂ ਸਵਰਗ, ਪਾਤਾਲ ਅਤੇ ਬੈਕੁੰਠ ਵਿਚ ਵਾਸ ਕਰਦੀ ਹੈਂ ।
ਤੁਹੀਂ ਪਾਪਾਂ ਦਾ ਨਾਸ਼ ਕਰਕੇ ਜਗਤ ਦਾ ਉਦਰ (ਪੇਟ) ਭਰਦੀ ਹੈਂ ।
You reside in Heaven, Nether world and Paradise.
You exterminate evil and nurture the universe.

ਤੁਹੀ ਬ੍ਰਾਹਮਣੀ ਬੇਦ ਪਾਠਣ ਸਵਿਤ੍ਰੀ ॥
ਤੁਹੀ ਧਰਮਣੀ ਕਰਣ ਕਾਰਣ ਪਵਿਤ੍ਰੀ ॥
ਤੁਹੀਂ ਵੇਦਾਂ ਦੀ ਗਿਆਤਾ ਸਰਸਵਤੀ ਹੈਂ ।
ਤੁਹੀਂ ਧਰਮ ਨੂੰ ਰਾਹਤ ਦੇਣ ਵਾਲੀ ਪਵਿਤ੍ਰ ਕਰਨਹਾਰ ਹੈਂ ।
You are Saraswati, the proficient in the Vedas.
You are the pure creator that preserves the faith (dharma).

ਤੁਹੀ ਗੌਰਜਾ ਪਾਰਬਤੀ ਜੋਗ ਧਰਣੰ ॥
ਤੁਹੀ ਲੱਛਮੀ ਅਲਖ ਰੂਪੀ ਅਵਰਣੰ ॥
ਤੂਹੀਂ ਪਹਾੜ ਤੇ ਰਹਿਣ ਵਾਲੀ, ਜੋਗ ਧਾਰਨੀ ਪਾਰਵਤੀ (ਸ਼ੰਕਰ ਦੀ ਪਤਨੀ) ਹੈਂ ।
ਤੂਹੀਂ (ਭਗਵਾਨ ਵਿਸ਼ਨੂ ਦੀ ਪਤਨੀ) ਲਕਸ਼ਮੀ ਹੈਂ ਜਿਸਦਾ ਰੂਪ ਅਕੱਥਨਿਯ ਹੈ ।
You dwell in the mountain and are the yogic Parvati (wife of Lord Shiva).
You are Lakshmi (wife of Lord Vishnu) with immense beauty.

ਤੁਹੀ ਸਭ ਜਗਤ ਕਉ ਉਪਾਵੈ ਛਪਾਵੈ ॥
ਤੁਹੀ ਬਹੁੜ ਆਪੇ ਛਿਨਿਕ ਮਉ ਖਪਾਵੈ ॥
ਤੂਹੀਂ ਸਾਰੇ ਜਗਤ ਨੂੰ ਪੈਦਾ ਕਰਦੀ, ਅਤੇ ਆਪਣੇ ਵਿਚ ਛੁਪਾ ਲੈਂਦੀ ਹੈਂ ।
ਤੂਹੀਂ ਫਿਰ ਛਿਨ ਵਿਚ (ਖਪਾਵੈਂ) ਖਤਮ ਕਰ ਦੇਂਦੀ ਹੈ ।
You give birth to the universe and shroud it within your self.
You, then in an instant terminate all.

ਤੁਹੀ ਭਗਤ ਕਰਤਾਰ ਕੀ ਸਕਤਿ ਰਾਣੀ ॥
ਤੁਹੀ ਹਰਿ ਸਿਮਰਿ ਕਰ ਭਈ ਜੋਗ ਧਯਾਣੀ
ਤੂਹੀਂ ਅਕਾਲ ਪੁਰਖ ਦੀ ਭਗਤੀ ਰੂਪ ਸ਼ਕਤੀ ਰਾਣੀ=ਵਡੀ ਹੈਂ ।
ਤੂਹੀਂ ਅਕਾਲ ਪੁਰਖ ਸਿਮਰ ਕੇ ਆਪ ਧਿਆਉਣ ਯੋਗ ਹੋ ਗਈ ਹੈਂ ।
You are God's greatest prayer power.
You have yourself become a symbol of worship because of your contemplation on the Lord Almighty.

ਅਗਮ ਖੇਲ ਤੁਮਰਾ ਕਹਾ ਕੋ ਬਖਾਨੈ ॥
ਤੁਹੀ ਭੇਦ ਅਪਨਾ ਅਪਨੁ ਆਪ ਜਾਨੈ ॥
ਇਹ ਭੇਦਭਰਾ ਖੇਲ ਤੇਰਾ ਬਖਾਨ ਨਹੀਂ ਹੋ ਸਕਦਾ ।
ਇਹ ਆਪਣਾ ਭੇਦ ਤੂੰ ਆਪ ਹੀ ਜਾਣਦੀ ਹੈਂ ।
Your extensive marvels are not describeable.
You are the only one who fathoms the mystery.

ਸਗਲ ਢੂੰਡ ਥਾਕੇ ਲਖਿਯੋ ਕਿਛ ਨ ਭੇਦਾ ॥
ਤੁਹੀ ਈਸਰੀ ਦੁਖ ਬਿਨਾਸਨ ਅਛੇਦਾ ॥
ਸਾਰੇ ਲੱਭ ਕੇ ਥੱਕ ਗਏ ਪਰ ਤੇਰਾ ਭੇਦ ਨਹੀਂ ਪਾ ਸਕੇ ।
ਤੂਹੀਂ ਦੁਖਾਂ ਦਾ ਨਾਸ਼ (ਅਛੇਦਾ) ਕਰਨ ਵਾਲੀ ਈਸ਼ਵਰੀ ਸ਼ਕਤਿ ਹੈਂ ।
All have tried but none could unravel your mystery.
You are the Godly Power who demolishes suffering.

ਕਰਹੁ ਮੇਹਰ ਅਪੁਨੀ ਚਰਨ ਧੂਰਿ ਪਾਵਉਂ ॥
ਤੁਮਨ ਦੁਆਰ ਪਰ ਸੀਸ ਅਪਨਾ ਘਸਾਵਉਂ ॥
ਮੇਰੇ ਤੇ ਕਿਰਪਾ ਕਰ ਕਿ ਤੇਰੀ ਚਰਨ ਧੂੜ ਮੈਨੂੰ ਪ੍ਰਾਪਤ ਹੋਵੇ ।
ਤੇਰੇ ਦੁਆਰ ਤੇ ਮੈਂ ਆਪਣਾ ਸੀਸ (ਮੱਥਾ) ਟੇਕਾਂ ।
Bless me with the dust of your feet
I bow my head and pay homage to you on your doorway.

ਯਹੀ ਦਾਨ ਮਾਂਗਉ ਕਰਹੁ ਜੈ ਹਮਾਰੀ ॥
ਸਭੈ ਦੁਸਟ ਦੈਤਾ ਖਪੈ ਛਿਨ ਮਝਾਰੀ ॥
ਇਹੋ ਹੀ ਦਾਨ ਮੰਗਦਾ ਹਾਂ ਕਿ ਮੇਰੀ ਜਿੱਤ ਹੋਵੇ ।
ਵੈਰੀ ਦੁਸ਼ਟ ਦੈਂਤਾਂ ਦਾ ਛਿਨ ਵਿਚ ਨਾਸ ਹੋਵੇ ।
I only beseech for victory.
The immediate destruction of all the evil enemy demons.

ਤੁਹੀ ਡਾਕਣੀ ਸਾਕਣੀ ਸੂਰਬੀਰੇ ॥
ਤੁਹੀ ਰੂਪ ਨਾਰਾਇਣੀ ਹਰਿ ਸਰੀਰੇ ॥
ਤੂਹੀਂ ਡਾਕਣੀ= ਡਾਇਣ, ਤੂਹੀਂ ਸਾਕਣੀ = ਯੋਗਣੀ ਦਾ ਰੂਪ, ਦੈਂਤਾਂ ਦਾ ਲਹੂ ਪੀਣ ਵਾਲੀ ਹੋ, ਅਤੇ ਤੂਹੀ ਸੂਰਬੀਰ ਬਹਾਦਰ ਹੋ ।
ਤੂਹੀਂ ਨਾਰਾਇਣ ਅਕਾਲ ਪੁਰਖ ਦਾ ਰੂਪ ਹੋ ਅਤੇ ਹਰਿ=ਹਰੀ ਪ੍ਰਮਾਤਮਾ ਦਾ ਸਰੀਰ=ਅੰਗ ਹੋ ।
You are the angel of doom with yogic powers, who drinks the blood of the demons and are the bravest of warriors.
You are the resemblance of God Almighty, and are a segment of His body.

ਤੁਹੀ ਅਲਖ ਦੁਰਗਾ ਜਗਤ ਕਰਨਹਾਰੀ ॥
ਸਕਲ ਛੋਡ ਕਰ ਓਟ ਪਕੜੀ ਤਿਹਾਰੀ ॥
ਤੂਹੀਂ ਅਦ੍ਰਿਸ਼ਟ ਦੁਰਗਾ (ਜਾਨਣ ਤੋਂ ਪਰੇ) ਹੈਂ ਅਤੇ ਸੰਸਾਰ ਦੀ ਰਚਨਾ ਕਰਨ ਵਾਲੀ ਹੈਂ ।
ਮੈਂ ਹੋਰ ਸਭ ਨੂੰ ਛੱਡ ਕੇ ਤੇਰੀ ਓਟ ਫੜੀ ਹੈ ।
You are beyond comprehension O Durga and you are the creator of the Universe.
I have left all and come to you for assistance.

ਤੁਹੀ ਮੱਛ ਹੋਇ ਸਿੰਧੁ ਭੀਤਰ ਖਿਲੰਤੀ ॥
ਤੁਹੀ ਦੈਂਤ ਸੰਖਾਸੁਰੇ ਕਉ ਦਲੰਤੀ ॥
ਤੂਹੀਂ ਮੱਛ ਦਾ ਅਵਤਾਰ ਧਾਰਕੇ ਸਮੁੰਦਰ ਵਿਚ ਖੇਲ ਕੀਤਾ ।
ਤੂਹੀਂ ਸੰਖਾਸੁਰ ਦੈਂਤ ਦਾ ਨਾਸ਼ ਕੀਤਾ ।
You manifested as a big fish and froliced in the ocean.
You destroyed the Sankhasur demon.

ਤੁਹੀ ਕ੍ਰਿਸਨ ਹੋਇ ਕੰਸ ਕੇਸੀ ਖਪਾਯੋ ॥
ਤੁਮਨ ਮੱਲ ਚੰਡੂਰ ਗਹਿ ਕਰ ਉਡਾਯੋ ॥
ਤੁਹੀ ਕ੍ਰਿਸ਼ਨ ਅਵਤਾਰ ਧਾਰਕੇ ਕੰਸ ਅਤੇ ਕੇਸੀ ਦੈਂਤ ਨੂੰ ਮਾਰਿਆ ।
ਤੁਹੀ ਭਲਵਾਨ ਚੰਡੂਰ ਨੂੰ ਫੜ ਕੇ ਮਾਰਿਆ ।
You were born as Lord Krishna and killed Kans and Kesi.
You got hold of the wrestler Chandoor and killed him.

ਜਗਨ ਨਾਥ ਹੁਇ ਦੈਤ ਗਯਾਸੁਰ ਬਿਡਾਰੇ ॥
ਤੁਹੀ ਨਿਹਕਲੰਕੀ ਭਈ ਖੜਗ ਧਾਰੇ ॥
ਜਗਨ ਨਾਥ ਦਾ ਰੂਪ ਹੋਕੇ ਗਯਾਸੁਰ ਦੈਂਤ ਨੂੰ ਮਾਰਿਆ ।
ਤੂਹੀਂ ਨਿਹਕਲੰਕ ਖੜਗਧਾਰੀ ਦਾ ਰੂਪ ਹੋਈ ।
You were evident as Jagan Nath and killed Gayasur demon.
You were evident as the sword wielding NehKalank.

ਤੁਹੀ ਦੈਂਤ ਕਿਲਾਕਾਸੁਰੇ ਕਉ ਸੰਘਰਣੀ ॥
ਤੁਹੀ ਸਭ ਜੁਗਣ ਬੀਚ ਅਵਤਾਰ ਧਰਣੀ ॥
ਤੁਹੀਂ ਕਿਲਕਾਸੁਰ ਦੈਂਤ ਦਾ ਸੰਘਾਰ=ਨਾਸ ਕੀਤਾ ।
ਤੁਹੀਂ ਸਾਰੇ ਜੁਗਾਂ ਵਿਚ ਅਵਤਾਰ ਧਾਰਦੀ ਆਈ ਹੈਂ ।
You annihilated Kilkasur the demon.
It is you who are born in every aeon.

ਜੁਗੋ ਜੁਗ ਸਕਲ ਖੇਲ ਤੁਮ ਹੀ ਰਚਾਯੋ ॥
ਤੁਮਨ ਖੇਲ ਕਾ ਭੇਦ ਕਿਨਹੂੰ ਨ ਪਾਯੋ ॥
ਸਾਰੇ ਯੁਗਾਂ ਵਿਚ ਤੂੰ ਹੀ ਖੇਲ=ਤਮਾਸ਼ਾ ਰਚਾਉਂਦੀ ਆਈ ਹੈਂ ।
(ਪਰ) ਕਿਸੇ ਨੇ ਵੀ ਇਨ੍ਹਾਂ ਖੇਲਾਂ, ਤਮਾਸ਼ਿਆਂ ਦਾ ਭੇਦ ਨਹੀਂ ਪਾਇਆ ।
During all the aeons you have created all the marvellous wonders.
But no one could perceive the wonder of these marvels.

ਤੁਹੀ ਅਸ਼ਟ ਦੁਰਗੇ ਭਵਾਨੀ ਅਕਾਲੰ ॥
ਤੁਹੀ ਸਕਲ ਬ੍ਰਹਮੰਡ ਊਪਰ ਦਯਾਲੰ ॥
ਤੁਹੀਂ ਅੱਠਾਂ ਭੁਜਾਂ (ਬਾਹਵਾਂ) ਵਾਲੀ ਅਵਿਨਾਸ਼ੀ ਦੁਰਗਾ ਭਵਾਨੀ ਹੈਂ ।
ਸਾਰੇ ਬ੍ਰਹਮੰਡ ਉਪਰ ਤੇਰੀ ਹੀ ਕਿਰਪਾਲਤਾ ਹੈ ।
You are the eight-armed Eternal Durga Bhawani.
All the cosmos is relishing your benevolence.

ਤੁਮਨ ਕੁਦਰਤੀ ਖੇਲ ਕੀਨੋ ਅਪਾਰਾ ॥
ਤੁਮਨ ਤੇਜ ਸਉ ਕੋਟਿ ਰਵਿ ਸਸਿ ਉਜਾਰਾ ॥
ਤੁਹੀ ਕੁਦਰਤ ਰੂਪ ਹੋਕੇ ਅਨੇਕਾਂ ਖੇਲ ਕਰ ਰਹੀ ਹੈਂ ।
ਤੇਰੇ ਤੇਜ ਨਾਲ ਹੀ ਕਰੋੜਾਂ ਸੂਰਜ ਅਤੇ ਚੰਦ ਉਜਾਲਾ ਦੇ ਰਹੇ ਹਨ ।
You inact as nature and perform wondrous marvels.
It is with your eminence that millions of suns and moons yield radiance.

ਤੁਹੀ ਨਿਜ ਵਜੀਰਨ ਪ੍ਰਭੂ ਦਰ ਸੁਹੰਤੀ ॥
ਤੁਹੀ ਨਿਸ ਦਿਨਾ ਜਾਪ ਹਰਿ ਹਰਿ ਜਪੰਤੀ ॥
ਤੁਹੀਂ ਪ੍ਰਭੂ ਦੀ ਨਿਜੀ ਵਜ਼ੀਰ, ਉਸ ਦੇ ਦਰ ਤੇ ਸੋਭਾ ਪਾਉਂਦੀ ਹੈਂ ।
ਤੁਹੀਂ ਰਾਤ ਦਿਨ ਪ੍ਰਭੂ ਦਾ ਜਾਪ ਜਪਦੀ ਹੈਂ ।
You are the Almighty Lord's personal minister and adorn His abode.
You meditate day and night on the Lord.

ਨਿਰੰਜਨ ਪੁਰਖ ਸ਼ਾਹ ਸ਼ਾਹਨ ਅਪਾਰੇ ॥
ਤੁਹੀ ਸਕਤਿ ਹੈਵ ਨਿਕਟਵਰਤੀ ਮੁਰਾਰੇ ॥
ਨਿਰ-ਅੰਜਨ= ਕਾਲਖ ਤੋਂ ਰਹਿਤ ਪੁਰਖ=ਸ਼ਾਹਾਂ ਦੀ ਸ਼ਾਹ, ਬੇਅੰਤ ਹੈ ।
ਤੁਹੀਂ ਕ੍ਰਿਸ਼ਨ ਦੀ ਸ਼ਕਤੀ ਹੈ ਜਿਸਨੇ ਮੁਰ ਰਾਕਸ਼ਿਸ਼ ਨੂੰ ਮਾਰਿਆ ।
You are the pure one, King of Kings and are immeasurable.
You are the might of Lord Krishna with which He destroyed the Murr demon.

ਸੁਣਹੁ ਦਾਸ ਕੀ ਬੇਨਤੀ ਹਰਿ ਭਵਾਨੀ ॥
ਦਇਆ ਧਾਰ ਮੁਹਿ ਲਾਜ ਰਾਖਹੁ ਨਿਦਾਨੀ ॥
ਦਾਸ ਦੀ ਬੇਨਤੀ ਸੁਣੋ (ਹਰੀ ਰੂਪ ਭਵਾਨੀ ਮਾਂ)।
ਆਪਣੀ ਦਇਆ (ਕਿਰਪਾ) ਨਾਲ ਅੰਤ ਤਕ ਮੇਰੀ ਲਾਜ ਰੱਖੋ ।
Please heed my request O Godly Bhawani Mother.
With your benevolence, save my honour till the end.

ਦੋਹਰਾ
Couplet

ਦਾਨੋ ਮਾਰੇ ਰੋਹਿਲੇ ਦੇਵ ਬਚਾਏ ਤੋਹਿ ॥
ਸਿੰਘ ਤੁਮਾਰੋ ਰਣ ਗਜੇ ਹਾਕ ਨ ਝਾਲਸ ਕੋਇ ॥੩॥
ਰੋਹਿਲੇ =ਗੁੱਸੇ ਦੇ ਭਰੇ ਦੈਂਤਾਂ ਨੂੰ ਤੈਂ ਮਾਰਿਆ ਅਤੇ ਦੇਵਤਿਆਂ ਨੂੰ ਬਚਾਇਆ ਹੈ ।
ਤੇਰੇ ਸ਼ੇਰ ਦੀ ਗਰਜਨਾ ਨੂੰ ਮੈਦਾਨੇ ਜੰਗ ਵਿਚ ਕੋਈ ਨਹੀਂ ਝੱਲ ਸਕਿਆ ।
You have killed the angry demons and saved the demi-gods.
Nobody could endure the roar of your lion in the battlefield.

ਭਗਵਤੀ ਛੰਦ ਚੌਥਾ ॥੪॥
Bhagwati Stanza 4

ਤੁਹੀ ਜੋਤ ਜਵਾਲਾ ਮੁਖੀ ਹੋਇ ਦਿਖਾਨੀ ॥
ਪਰਬਤ ਫੋੜ ਲਾਟਾਂ ਅਗਨ ਜਗ ਮਗਾਨੀ ॥
ਤੁਹੀਂ ਜਵਾਲਾ=ਅਗਨੀ ਦੀ ਜੋਤ, ਮੁਖੀ=ਲਾਟ ਬਣਕੇ ਦਿਖਾਈ ਦੇਂਦੀ ਹੈਂ ।
ਪਹਾੜਾਂ ਨੂੰ ਪਾੜਕੇ ਜਗ ਵਿਚ ਪ੍ਰਕਾਸ਼ ਕਰਦੀ ਹੈਂ ।
You are seen as the radiant flame of the fire.
You shatter the mountains and illuminate the universe.

ਤੁਹੀ ਹਰਣ ਭਰਣੀ ਤੁਹੀ ਆਪ ਮਾਏ ॥
ਤੁਹੀ ਸਰਬ ਠੌਰਨ ਰਹੀ ਆਪ ਛਾਏ ॥
ਤੁਹੀਂ ਸਭ ਦਾ ਪਾਲਣ ਪੋਸਣ ਕਰਨ ਵਾਲੀ ਮਾਤਾ ਹੈਂ ।
ਤੂੰ ਆਪੇ ਹੀ ਸਭ ਜਗ੍ਹਾ (ਠਉਰ) ਤੇ ਛਾਈ ਹੋਈ ਹੈਂ ।
You are the caring mother of all.
You are prominent universally.

ਤੁਹੀ ਉਤਭੁਜਾ ਸੇਤਜਾ ਸੁਖ ਨਿਧਾਨੀ ॥
ਤੁਹੀ ਅੰਡਜਾ ਜੇਰਜਾ ਚਤਰ ਬਾਨੀ ॥
ਤੁਹੀਂ ਉਤਭੁਜਾ=ਆਪਣੇ ਆਪ ਪੈਦਾ ਹੋ ਜਾਂਦੀ ਹੈਂ, ਸੇਤਜਾ=ਪਸੀਨੇ ਵਿਚੋਂ ਪੈਦਾ ਹੁੰਦੀ ਹੈਂ, ਅਤੇ ਨਿਧਾਨੀ=ਸਭ ਦਾ ਆਸਰਾ ਹੈਂ ।
ਤੁਹੀਂ ਅੰਡਜਾ=ਆਡਿਆਂ ਵਿਚੋਂ ਪੈਦਾ ਹੁੰਦੀ ਹੈ, ਜੇਰਜਾ=ਵੀਰਜ ਵਿਚੋਂ ਵੀ ਤੁਹੀਂ, cOhW iksmW dIAW ਇਨ੍ਹਾਂ ਜੋਨੀਆਂ ਦੀ ਚਤਰ ਬਾਨੀ=ਬੋਲੀ ਵੀ ਤੂੰ ਹੀ ਹੈ ।
You are self-created, and created by sweat and are the protector of all.
You self-create from eggs, and self-create from sperm. You are the speech of all these four creations.

ਤੁਹੀ ਤੀਰ ਤਰਵਾਰ ਕਾਤੀ ਕਟਾਰੀ ॥
ਤੁਹੀ ਸੰਖ ਪਦਮਣ ਗਦਾ ਚਕ੍ਰਧਾਰੀ ॥
ਤੁਹੀਂ ਤੀਰ, ਤਲਵਾਰ, ਕਾਤੀ, ਅਤੇ ਕਟਾਰੀ ਹੈਂ ।
ਤੁਹੀਂ ਸੰਖ,ਪਦਮ, ਗਦਾ ਅਤੇ ਸੁਦਰਸ਼ਨ ਚੱਕਰ ਹੈਂ (ਇਹ ਸਾਰੇ ਚਿੰਨ ਨਿਸ਼ਾਨ ਸ੍ਰੀ ਵਿਸ਼ਨੂੰ ਭਗਵਾਨ ਦੇ ਹਨ) ।
You are the arrow, sword, knife and dagger.
You are the conch, lotus, mace and the quoit (All these are the symbols of Lord Vishnu)

ਤੁਹੀ ਤੋਪ ਬੰਦੂਕ ਗੋਲਾ ਚਲੰਤੀ ॥
ਤੁਹੀ ਕੋਟ ਗੜ੍ਹ ਕਉ ਧਮਕ ਜਿਉ ਉਡੰਤੀ ॥
ਤੁਹੀਂ ਤੋਪ ਬੰਦੂਕ ਤੇ ਗੋਲਾ ਚਲਾਉਂਦੀ ਹੈਂ ।
ਤੁਹੀਂ ਵਡੇ ਵਡੇ ਕਿਲੇ ਧਮਾਕੇ ਨਾਲ ਉੜਾ ਦਿੰਦੀ ਹੈਂ ।
You fire the cannon ball from the cannon.
You destroy large fortresses with explosions.

ਤੁਹੀ ਬਡ ਅਜੀਤਣ ਸਗਲ ਦੋਖ ਹਰਣੀ ॥
ਤੁਹੀ ਹਰਿ ਅਡੋਲਣ ਅਗਮ ਖੇਲ ਕਰਣੀ ॥
ਤੁਹੀਂ ਸਭ ਤੋਂ ਵੱਡੀ ਅਜਿੱਤ ਅਤੇ ਸਭ ਦੁੱਖ ਨਾਸ਼ ਕਰਨ ਵਾਲੀ ਹੈਂ ।
ਤੁਹੀਂ ਪ੍ਰਭੂ ਦੀ ਸ਼ਕਤੀ, ਨਾ ਡੋਲਣ ਵਾਲੀ (ਅਚੱਲ)ਅਤੇ ਖੇਲ ਤਮਾਸ਼ੇ ਕਰਨ ਵਾਲੀ ਹੈ ।
You are the greatest unconquerable and exterminater of all suffering.
You are the Lord's miracle effecting, immovable Supreme Power.

ਤੁਹੀ ਅਤਿ ਬਲਿਸਟਣ ਚਤੁਰ ਭੁਜ ਭਵਾਨੀ ॥
ਤੁਮਨ ਸਰਬ ਦੁਸਟਾ ਕੀਏ ਮਾਰ ਫਾਨੀ ॥
ਤੁਹੀਂ ਬੇਅੰਤ ਬਲਵਾਲੀ, ਚਾਰ ਬਾਹਵਾਂ ਵਾਲੀ ਭਵਾਨੀ ਹੈ ।
ਤੁਹੀਂ ਸਾਰੇ ਦੁਸ਼ਟਾਂ ਦਾ (ਫਾਨੀ) ਨਾਸ਼ ਕਰਨ ਵਾਲੀ ਹੈਂ ।
You are the four-armed Bhawani with immense power.
You are the destroyer of all the wicked.

ਤੁਹੀ ਗੁਪਤਿ ਪਰਗਟ ਸਭਨ ਮੋ ਖਿਲੰਤੀ ॥
ਤੁਹੀ ਸੁੰਭ ਮਹਿਖਾਸੁਰੈ ਕਉ ਦਲੰਤੀ ॥
ਤੁਹੀਂ ਗੁਪਤ ਅਤੇ ਪਰਗਟ ਰੂਪ ਵਿਚ ਸਾਰਿਆਂ ਵਿਚ ਸੋਭ ਰਹੀ ਹੈਂ ।
ਤੁਹੀਂ ਸੁੰਭ ਅਤੇ ਮਹਿਖਾਸਰ (ਦੈਂਤ) ਦਾ ਨਾਸ਼ ਕਰਨ ਵਾਲੀ ਹੈਂ ।
You are the invisible and the visible force predominant in all.
You are the obliterater of Sumbh and Mehkhasur demons.

ਤੁਹੀ ਜਗਤ ਮੰਡਣ ਦਇਆਵੰਤ ਭਾਰੀ ॥
ਸਕਲ ਸਿੱਦ ਮੁਨਿ ਜਨ ਲਏ ਤੈਂ ਉਬਾਰੀ ॥
ਤੁਹੀਂ ਸੰਸਾਰ ਨੂੰ ਮੰਡਣ= ਬਣਾਉਣ ਵਾਲੀ ਬੜੀ ਦਯਾਲੂ ਹੈਂ ।
ਤੁਹੀਂ ਸਾਰੇ ਮੁਨੀ ਤੇ ਸਿੱਧ ਜਨ ਆਦਿਕਾਂ ਨੂੰ ਬਚਾਇਆ ਹੈ ।
You are the most gracious creator of the Universe.
You are the saviour of all saints and ascetics.

ਲਖੈ ਨਾਹਿ ਕੋਉ ਅਜਬ ਖੇਲ ਤੇਰਾ ॥
ਤੁਹੀ ਧਰਣ ਧਰ ਕੈ ਕਰਹਿ ਫਿਰ ਨਿਬੇਰਾ ॥
ਤੇਰੇ ਅਜੀਬ ਚੋਜਾਂ ਨੂੰ ਕੋਈ ਨਹੀਂ ਜਾਣ ਸਕਿਆ ।
ਤੂਹੀਂ ਧਰਤੀ ਦੀ ਸਥਾਪਨਾ ਕਰਦੀ ਅਤੇ ਫਿਰ ਉਸਦਾ ਨਾਸ਼ ਕਰਦੀ ਹੈਂ ।
Your marvels are beyond comprehension.
You create the earth and then you destroy it.

ਤੁਹੀ ਬਿਜਲ ਹੋਇ ਗਗਨ ਚੜ੍ਹ ਝਿਲਮਿਲਾਨੀ ॥
ਤੁਮਨ ਚਰਨ ਪਰ ਸੁਰਤ ਹਮਰੀ ਲਗਾਨੀ ॥
ਤੂਹੀਂ ਬਿਜਲੀ ਰੂਪ ਹੋਕੇ ਅਕਾਸ਼ ਵਿਚ ਚਮਕਦੀ ਹੈਂ ।
ਤੇਰੇ ਚਰਨਾ ਵਿਚ ਮੇਰੀ ਸੁਰਤੀ ਟਿਕੀ ਹੋਈ ਹੈ ।
You are the lightning, which flashes in the sky.
My mind contemplates on your lotus feet.

ਤੁਹੀ ਅਲਖ ਕਰਤਾਰਣੀ ਸਿਵ ਸਰੂਪਾ ॥
ਤੁਹੀ ਘਟ ਘਟੇ ਦੇਵ ਦੁਰਗੇ ਅਨੂਪਾ ॥
ਤੂਹੀਂ ਜਾਨਣ ਤੋਂ ਪਰੇ ਅਕਾਲ ਪੁਰਖ ਜੋਤ ਹੈ ਜੋ ਸ਼ਿਵ ਦਾ ਸਰੂਪ ਹੈ ।
ਤੂਹੀਂ ਕਣ ਕਣ ਵਿਚ ਖੇਲ ਕਰਨ ਵਾਲੀ ਅਨੂਪਮ ਦੁਰਗਾ ਹੈਂ ।
You are the abysmal godly power of Lord Shiva.
You are the unique Durga who is the spectacle present in all particles.

ਤੁਹੀ ਹੈ ਸਭਨ ਬੀਚ ਸਭ ਤੇ ਨਿਰਾਲੀ ॥
ਤੁਹੀ ਸਭ ਜਗਤ ਕੀ ਕਰਹਿ ਪ੍ਰਤਿਪਾਲੀ ॥
ਤੂਹੀਂ ਸਭਨਾਂ ਵਿਚ ਵਾਸਾ ਰਖਦੀ ਅਤੇ ਸਾਰਿਆਂ ਤੋਂ ਨਿਰਾਲੀ ਹੈਂ ।
ਤੂਹੀਂ ਸਾਰੇ ਜਗਤ ਦੀ ਪਾਲਣਾ ਕਰਨ ਵਾਲੀ ਹੈਂ ।
You reside in all and are unique.
You are the sustainer of the entire universe.

ਤੁਹੀ ਖਾਸ ਭਗਤਣ ਹਰੇ ਹਰਿ ਜਪੰਤੀ ॥
ਤੁਹੀ ਹਰ ਚਰਣ ਪਰ ਅਪੁਨ ਸਿਰ ਧਰੰਤੀ ॥
ਤੂਹੀਂ ਪ੍ਰਭੂ ਦਾ ਨਾਮ ਜਪਣ ਵਾਲੀ ਖਾਸ ਭਗਤਣੀ ਹੈਂ ।
ਤੂਹੀਂ ਪ੍ਰਭੂ ਦੇ ਚਰਨਾਂ ਵਿਚ ਆਪਣਾ ਸਿਰ ਰਖਦੀਂ ਹੈਂ ।
You are the prime disciple of the Almighty, who contemplates on Him.
You place your head at the feet of the Lord.

ਤੁਹੀ ਹਰਿ ਕ੍ਰਿਪਾ ਸਿਉ ਅਗਮ ਰੂਪ ਹੋਈ ॥
ਸਭੈ ਪਚ ਮੁਏ ਪਾਰ ਪਾਵਤ ਨ ਕੋਈ ॥
ਤੂਹੀਂ ਪਰਮਾਤਮਾ ਦੀ ਕਿਰਪਾ ਨਾਲ ਅਗਮ= ਸੰਕਲਪ ਰਹਿਤ ਹੋਈ ਹੈਂ ।
ਸਭ ਕੋਸ਼ਸ਼ (ਉਲਝ) ਕਰਕੇ ਮਰ ਗਏ ਪਰ ਕੋਈ ਵੀ ਤੇਰਾ ਪਾਰਾਵਾਰ ਨਹੀਂ ਪਾ ਸਕਿਆ।
With the Lord's grace you cannot be envisaged.
All have tried and expired but none could comprehend you.

ਤੁਹੀ ਸੂਰ ਬਲਵੰਤਣੀ ਗੁਣ ਗਹੀਰੇ ॥
ਤੁਮਨ ਦਵਾਰ ਘੁਰ ਹੈਂ ਅਨਹਦ ਨਫੀਰੇ ॥
ਤੂਹੀਂ ਸੂਰਮਾ, ਬਲ ਵਾਲੀ ਗੁਣਾ ਵਿਚ ਭਰਪੂਰ ਹੈਂ ।
ਤੇਰੇ ਦੁਆਰ ਉਤੇ ਬੇਅੰਤ ਸ਼ਹਿਨਾਈਆਂ ਵਜਦੀਆਂ ਹਨ ।
You are the warrior with might and unequalled genius.
Numerous flutes sound the melody at your doorway.

ਨਿਰੰਜਨ ਸਰੂਪਾ ਤੁਹੀ ਆਦਿ ਰਾਣੀ ॥
ਤੁਹੀ ਜੋਗ ਬਿੱਦਯਾ ਤੁਹੀ ਬ੍ਰਹਮ ਬਾਣੀ ॥
ਤੂਹੀਂ ਆਦਿ ਤੋਂ ਉਜੱਲ ਸਰੂਪ ਵਾਲੀ ਰਾਣੀ ਹੈਂ ।
ਤੂਹੀਂ ਯੋਗ ਵਿਦਿੱਆ ਅਤੇ ਤੂਹੀਂ ਅਕਾਲ ਪੁਰਖ ਦੀ ਬਾਣੀ ਹੈਂ ।
You are the initial illustrious Queen.
You are the yogic knowledge and you are the utterance of God.

ਨਿਰੰਜਨ ਪ੍ਰਭੂ ਨਾਥ ਕਾਦਰ ਮੁਰਾਰੇ ॥
ਤਹਾਂ ਤੁ ਖੜੀ ਕੁਦਰਤੀ ਰੂਪ ਧਾਰੇ ॥
ਉਜੱਲ ਪ੍ਰਭੂ ਪਿਤਾ ਜੋ (ਮੁਰਾਰ)ਭਗਵਾਨ ਹੈ ।
ਉਥੇ ਤੂੰ ਕੁਦਰਤ ਦਾ ਰੂਪ ਧਾਰਕੇ ਖੜੀ ਹੈਂ ।
The illustrious God, the Majestic Father.
You are standing in His presence in the guise of Nature..

ਤੁਹੀ ਅੰਭਕੇ ਸਕਤਿ ਦੁਰਗੇ ਭਵਾਨੀ ॥
ਤੁਮਨ ਕੁਦਰਤੀ ਜੋਤ ਘਟਿ ਘਟਿ ਸਮਾਨੀ ॥
ਤੂਹੀਂ ਪ੍ਰਾਣ ਦੇਣ ਵਾਲੀ ਸ਼ਕਤੀ ਦੁਰਗਾ ਭਵਾਨੀ ਹੈਂ ।
ਤੇਰੀ ਇਹ ਕੁਦਰਤੀ ਜੋਤ ਘਟ ਘਟ ਵਿਚ ਸਮਾਈ ਹੋਈ ਹੈ ।
You are the life bestowing power Durga Bhawani.
Your Eternal light is prevalent every where.

ਧਰਨ ਪਵਨ ਆਕਾਸ ਕੁਦਰਤਿ ਸਰੂਪਾ ॥
ਤੁਹੀ ਕੁਦਰਤੀ ਅਲਖ ਦੇਵੀ ਅਨੂਪਾ ॥
ਤੂਹੀਂ ਧਰਤੀ, ਪਵਨ, ਅਕਾਸ਼ ਕੁਦਰਤ ਦਾ ਸਰੂਪ ਹੈਂ ।
ਤੂਹੀਂ ਕੁਦਰਤ ਦੀ ਅਨੂਪਮ ਸ਼ਕਤੀ ਹੈਂ ।
You are the earth, wind, sky and the entire creation.
You are the phenomenal power of nature.

ਨਹੀ ਭਾਖ ਸਾਕਉ ਮੈ ਮਹਿਮਾ ਤੁਹਾਰੀ ॥
ਲਖਯਾ ਨਾਹਿ ਕਿਨਹੂੰ ਤੁਮਨ ਅੰਤ ਪਾਰੀ ॥
ਮੈਂ ਤੇਰੀ ਮਹਿਮਾਂ (ਭਾਖ)ਬਿਆਂਨ ਨਹੀਂ ਕਰ ਸਕਦਾ ।
(ਕਿਉਂਕਿ) ਕਿਸੇ ਨੇ ਵੀ ਤੇਰਾ ਅੰਤ ਨਹੀਂ ਪਾਇਆ ।
I cannot construe your genius.
As no one has been able to comprehend you.

ਯਹੀ ਦਾਸ ਤੁਮਰਾ ਚਰਨ ਧੂਰਿ ਪਾਵੈ ॥
ਤੁਮਨ ਦੁਵਾਰ ਠਾਢਾ ਸਦਾ ਧੁਨਿ ਲਗਾਵੈ ॥
ਮੈਂ ਤੇਰਾ ਦਾਸ ਤੇਰੇ ਚਰਨਾ ਦੀ ਧੂੜ ਲੋਚਦਾ ਹਾਂ ।
ਤੇਰੇ ਦਰ ਤੇ ਖੜਾ(ਠਾਢਾ) ਸਦਾ ਇਹੋ ਹੀ ਧੁਨ ਪੁਕਾਰਦਾ ਹਾਂ ।
I am your slave longing for the dust of your feet.
I stand at your door always praying zealously.

ਦੋਹਰਾ ॥
Couplet.

ਮੁਖ ਪਸਾਰੈ ਕਾਲਕਾ ਦੈਤ ਚਬਾਵੈ ਦਾਂਤ ॥
ਪੰਥ ਚਲਾਵੈ ਜਗਤ ਮੈ ਜੁੱਧ ਕਰਹਿ ਤਬ ਸਾਂਤਿ ॥
ਮਹਾਂ ਕਾਲ ਦੀ ਸ਼ਕਤੀ ਆਪਣਾ ਮੂੰਹ ਖੋੑਲਕੇ ਦੈਂਤਾਂ ਨੂੰ ਆਪਣੇ ਤਿੱਖੇ ਦੰਦਾਂ ਨਾਲ ਚਬਦੀ ਹੈ ।
ਜਗਤ ਵਿਚ ਪੰਥ ਤਾਂ ਚਲ ਸਕਦਾ ਹੈ ਜੇ ਤੂੰ ਯੁੱਧ ਕਰਕੇ ਸ਼ਾਂਤੀ ਵਰਤਾਵੇਂ ।
The Eternal Godly Power has opened her mouth and with her sharp teeth pulverizes the demons.
The Panth will only survive in this world if you conduct war and proclaim peace.

ਭਗਵਤੀ ਛੰਦ ਪੰਜਵਾਂ ॥੫॥
Bhagwati Stanza 5

ਨਮੋ ਦੇਵਿਸਾ ਕੁੰਭਰੀ ਹਿੰਗੁਲਾਜਾ ॥
ਤੁਹੀ ਸਭ ਜਗਤ ਕੇ ਕਰਹਿ ਸਿੱਧ ਕਾਜਾ ॥
ਨਮਸ਼ਕਾਰ ਹੈ ਐ ਦੇਵਤਿਆਂ ਦੀ ਸਿਰਜਨਾ ਕਰਨ ਵਾਲੀ ਹਿੰਗੁਲਾ ਪਰਬਤ ਦੀ ਦੇਵੀ ।
ਤੂਹੀਂ ਸਾਰੇ ਜਗਤ ਦੇ ਕਾਰਜ ਸਿੱਧ ਕਰਦੀ ਹੈਂ ।
Salutation to the deity of Hingula mountain, the creator of demi-gods.
You righteously accomplish the functions of the universe.

ਤੁਹੀ ਅਲਖ ਜਵਾਲਾ ਕਮਛਿਆ ਪ੍ਰਧਾਨੀ ॥
ਤੁਮਨ ਜਸ ਸਕਲ ਜਗਤ ਕਰ ਹੈ ਬਖਾਨੀ ॥
ਤੂਹੀਂ ਪ੍ਰਚੰਡ ਰੂਪ ਅਗਨੀ,ਕਮਛਿਆ=ਸੁੰਦਰ ਨੇਤਰਾਂ ਵਾਲੀ ਪ੍ਰਧਾਨ= ਉਚੀ (ਸਰੇਸ਼ਟ) ਹੈਂ ।
ਸਾਰਾ ਜਗਤ ਤੇਰੀ ਹੀ ਮਹਿਮਾ ਦੇ ਗੁਣ ਗਾ ਰਿਹਾ ਹੈ ।
You are the sparkling light with attractive eyes and prominent personality.
The entire universe sings praise of you.

ਤੁਹੀ ਹਰਿ ਨਿਰੰਕਾਰ ਠਾਕੁਰ ਜਪੰਤੀ ॥
ਤੁਹੀ ਰਾਛਸਨ ਕਉ ਪਕੜ ਕਰ ਦਹੰਤੀ ॥
ਤੂਹੀਂ ਅਕਾਲ ਪੁਰਖ ਦਾ ਨਾਮ ਜਪਦੀ ਹੈਂ ।
ਤੂਹੀਂ ਰਾਕਸ਼ਾਂ ਨੂੰ ਪਕੜ ਕੇ ਮਾਰਦੀ ਹੈਂ ।
You contemplate on the Almighty.
You locate the demons and destroy them.

ਹਮਨ ਬੈਰੀਅਨ ਕਉ ਪਕੜ ਘਾਤ ਕੀਜੈ ॥
ਤਬੈ ਦਾਸ ਗੋਬਿੰਦ ਕਾ ਮਨ ਪਤੀਜੈ ॥
ਮੇਰੇ ਵੈਰੀਆਂ ਦਾ ਪਕੜ ਕੇ ਨਾਸ਼ ਕਰਦੇ ।
ਤਦੋਂ ਹੀ ਤੇਰੇ ਦਾਸ (ਗੁਰੂ) ਗੋਬਿੰਦ (ਸਿੰਘ) ਦਾ ਮਨ ਖੁਸ਼ ਹੋਵੇਗਾ ।
Get hold of my enemies and destroy them.
Only then your slave (Guru) Gobind's (Singh) mind will be pleased.

ਤੁਹੀਂ ਆਸ ਪੂਰਨ ਜਗਤ ਗੁਰ ਭਵਾਨੀ ॥
ਛਤ੍ਰ ਛੀਨ ਮੁਗਲਨ ਕਰਹੁ ਬੇਗ ਫਾਨੀ ॥
ਤੂਹੀਂ ਆਸ਼ਾ ਪੂਰਨ ਕਰਨ ਵਾਲੀ ਗੁਰੂ ਭਵਾਨੀ ਹੈਂ ।
ਮੁਗਲਾਂ ਦੇ ਰਾਜ ਨੂੰ ਜਲਦੀ ਹੀ ਤਬਾਹ ਕਰਦੇ ।
You are the Guru Bhawani who fulfils every desire.
Destroy presently the Mughal sovereignty.

ਸਕਲ ਹਿੰਦ ਸਿਉਂ ਤੁਰਕ ਦੁਸਟਾ ਬਿਦਾਰਹੁ ॥
ਧਰਮ ਕੀ ਧੁਜਾ ਕਉ ਜਗਤ ਮੈ ਝੁਲਾਰਹੁ ॥
ਸਾਰੇ ਹਿੰਦ ਚੋਂ ਦੁਸ਼ਟਾਂ ਨੂੰ ਕਢ ਦਿਓ ।
ਧਰਮ ਦੇ ਝੰਡੇ ਨੂੰ ਸਾਰੇ ਜਗਤ ਤੇ ਝੁਲਾਓ ।
Drive all the evil goers from India.
Fly the flag of righteousness all over the universe.

ਦੁਹੂੰ ਪੰਥ ਮੈਂ ਕਪਟ ਵਿੱਦਯਾ ਚਲਾਨੀ ॥
ਬਹੁੜ ਤੀਸਰਾ ਪੰਥ ਕੀਜੈ ਪਰਧਾਨੀ ॥
ਦੋਹਾਂ ਪੰਥਾਂ (ਹਿੰਦੂ ਅਤੇ ਇਸਲਾਮ) ਵਿਚ ਕਪਟ (ਮਾੜੀ) ਵਿਦਿਆ ਚਲ ਰਹੀ ਹੈ ।
ਆਕੇ ਤੀਸਰੇ ਪੰਥ ਨੂੰ ਪ੍ਰਧਾਨੀ (ਉਚਾਈ) ਬਖਸ਼ੋ ।
Both religions (Hindu and Islam) are getting contaminated.
Come and elevate a third religion (panth).

ਜੋ ਉਪਜੈ ਮਰੈ ਤਾਹਿ ਸਿਮਰਨ ਨ ਕੀਜੈ ॥
ਅਟਲ ਪੁਰਖ ਅਕਾਲ ਕਾ ਨਾਮ ਲੀਜੈ ॥
ਜੋ ਮਰਦਾ, ਜੰਮਦਾ ਹੈ ਉਸਦਾ ਸਿਮਰਨ ਨਾ ਕਰੋ ।
ਜੋ ਹਮੇਸ਼ਾਂ ਰਹਿਣ ਵਾਲਾ ਅਕਾਲ ਪੁਰਖ ਹੈ ਉਸ ਦਾ ਨਾਮ ਲਵੋ ।
Do not worship the one who dies and is born.
Worship only the Almighty who is eternal.

ਮੜੀ ਗੋਰ ਦੇਵਲ ਮਸੀਤਾਂ ਗਿਰਾਯੰ ॥
ਤੁਹੀ ਏਕ ਅਕਾਲ ਹਰਿ ਹਰਿ ਜਪਾਂਯੰ ॥
ਮੜੀਆਂ ਗੋਰ =ਕਬਰਾਂ, ਦੇਵਲ=ਮੱਠ, ਮਸੀਤਾਂ ਢਾਹ ਦੇ ।
ਤੂਹੀਂ ਇਕ ਅਕਾਲ ਪੁਰਖ ਦਾ ਨਾਮ ਜਪਾਓ ।
Demolish the graves, the monastries and mosques.
Sermonise the worship of only the Almighty.

ਮਿਟਹਿ ਬੇਦ ਸਾਸਤ੍ਰ ਅਠਾਰਹਿ ਪੁਰਾਨਾ ।
ਮਿਟੈ ਬਾਂਗ ਸਲਵਾਤ ਸੁਨੰਤ ਕੁਰਾਨਾ ॥
ਮਿਟ ਗਏ ਹਨ ਵੇਦ, ਸ਼ਾਸਤਰ ਅਤੇ ਅਠਾਰਾਂ ਪੁਰਾਣ (ਅਰਥਾਤ ਇਨ੍ਹਾਂ ਦਾ ਉਪਦੇਸ਼ ਲੋਗ ਭੁੱਲ ਗਏ ਹਨ) ।
ਮਿਟ ਗਿਆ ਬਾਂਗ ਦੇਣਾ, ਨਮਾਜ਼ ਪੜ੍ਹਨੀ, ਸੁਨਤ ਕਰਨੀ ਅਤੇ ਕੁਰਾਨ ।
(People) have forsaken the Veda, the scriptures and the eighteen puraans.
(People) no longer perform the muezzin call, the islamic prayer, the circumcision and (read) the Quran.

ਸਕਲ ਸ੍ਰਿਸ਼ਟ ਇਕ ਬਰਨ ਹੋਇ ਕਰ ਭੁਲਾਨੀ ॥
ਧਰਮ ਨੇਮ ਕੀ ਜੁਗਤ ਕਿਨਹੂੰ ਨ ਜਾਨੀ ॥
ਸਾਰੇ ਲੋਕ ਪ੍ਰਭੂ ਦੀ ਉਸਤਤ ਕਰਨੀ ਭੁਲ ਗਏ ਹਨ ।
ਧਰਮ ਅਤੇ ਨੇਕੀ ਦੀ ਰੀਤ ਨੂੰ ਕਿਸੇ ਨਹੀਂ ਜਾਣਿਆ ।
All the populace has forgotten to praise the Lord.
The duty to religion and humanity is no longer comprehended.

ਕਠਿਨ ਦੁੰਦ ਵਰਤੈ ਜਗਤ ਮਹਿ ਗੁਬਾਰਾ ॥
ਦਯਾ ਧਾਰ ਕਰ ਮੋਹਿ ਲੀਜੈ ਉਬਾਰਾ ॥
ਕਰੜਾ ਸ਼ੋਰ ਜਗਤ ਵਿਚ ਅੰਧ-ਘੋਰ ਫੈਲਾ ਰਿਹਾ ਹੈ ।
ਕਿਰਪਾ ਕਰਕੇ ਮੈਨੂੰ ਇਸ ਵਿਚੋਂ ਕਢ ਲਵੋ ।
The pandemonium is creating the (evil) darkness in the universe.
Kindly liberate me from all this.

ਤੁਹੀ ਕੁਦਰਤ ਸਕਤਿ ਦੁਰਗੇ ਭਵਾਨੀ ॥
ਤੁਹੀ ਜਗਤ ਮਾਤਾ ਸਕਲ ਬਿਧ ਨਿਧਾਨੀ ॥
ਤੂਹੀਂ ਕੁਦਰਤ ਦੀ ਸ਼ਕਤੀ ਦੁਰਗਾ ਭਵਾਨੀ ਹੈਂ ।
ਤੂਹੀਂ ਜਗਤ ਦੀ ਮਾਤਾ ਸਾਰੀਆਂ ਵਿਧੀਆਂ ਜਾਨਣ ਵਾਲੀ ਹੈਂ ।
You are the creative eternal power Durga Bhawani.
You are the all knowing mother of the universe.

ਤੁਹੀ ਬਿਆਸ ਗੋਰਖ ਅਗਸਤੰ ਕਬੀਰੇ ॥
ਤੁਹੀ ਰਿਖ ਮੁਨੀਸਰ ਤੁਹੀਂ ਗੌਂਸ ਪੀਰੇ ॥
ਤੂਹੀਂ ਵਿਆਸ, ਗੋਰਖ ਨਾਥ, ਅਗਸਤ ਮੁਨੀ ਅਤੇ ਕਬੀਰ ਹੈਂ ।
ਤੂਹੀਂ ਰਿਖੀ, ਮੁਨੀ ਅਤੇ ਗੌਂਸ ਪੀਰ ਹੈਂ ।
You are Vyas, Gorakh Nath, Agast sage and Kabir.
You are the ascetic, saint and the Gauns Peer.

ਨਿਰੰਜਨ ਪੁਰਖ ਕਉ ਸਦਾ ਤੂੰ ਧਿਆਵੈਂ ॥
ਪ੍ਰਭੂ ਦਵਾਰ ਠਾਢੀ ਵਜੀਰਨ ਕਹਾਵੈਂ ॥
ਪਾਕ (ਬੇਦਾਗ) ਅਕਾਲ ਪੁਰਖ ਨੂੰ ਤੂੰ ਸਦਾ ਧਿਆਉਂਦੀ ਹੈਂ ।
ਪ੍ਰਭੂ ਦੇ ਦਵਾਰ ਤੇ ਖੜੀ ਹੋ ਕੇ ਉਸਦੀ ਵਜ਼ੀਰ ਕਹਾਉਂਦੀ ਹੈਂ ।
You always worship the unblemished Almighty Lord.
You stand as the minister at His doorway

ਨਹੀਂ ਤੁਮ ਬਿਨਾਂ ਕੋਈ ਦੂਸਰ ਹਜੂਰੇ ॥
ਤੁਹੀਂ ਅਲਖਣੀ ਹੋਇ ਰਹੀ ਜਗਤ ਪੂਰੇ ॥
ਤੇਰੇ ਬਿਨਾ ਅਕਾਲ ਪੁਰਖ ਦੇ ਹਜ਼ੂਰ (ਕੋਲ) ਹੋਰ ਕੋਈ ਨਹੀਂ ।
ਤੂਹੀਂ ਸਾਰੇ ਜਗਤ ਵਿਚ ਪੂਰਨ ਛਾਈ ਹੋਈ ਹੈਂ ।
No one else is close to the Almighty as you are.
You are ubiquitous in the entire universe.

ਅਪੁਨ ਜਾਨ ਕਰ ਮੋਹਿ ਲੀਜੈ ਬਚਾਈ ॥
ਅਸੁਰ ਪਾਪੀਅਨ ਮਾਰ ਦੇਵਹੁ ਉਡਾਈ ॥
ਆਪਣਾ ਜਾਣ ਕੇ ਮੈਨੂੰ ਬਚਾ ਲਓ ।
ਪਾਪੀ ਅਸੁਰਾਂ (ਰਾਕਸ਼ਾਂ) ਨੂੰ ਮਾਰ ਕੇ ਮਿਟਾ ਦੇਵੋ ।
Comprehend me as yours and save me.
Vanquish the evil demons and destroy them.

ਸਕਲ ਜਗਤ ਕਉ ਸੁਖ ਬਸਾਵਹੁ ਅਨੰਦਾ ॥
ਤੁਹੀ ਦਰਦ ਮੇਟਣ ਸ੍ਰੀ ਹਰਿ ਮੁਕੰਦਾ ॥
ਸਾਰੇ ਜਗ ਨੂੰ ਸੁਖੀ, ਅਨੰਦ ਵਿਚ ਵਸਾਓ ।
ਤੂਹੀਂ ਦਰਦ ਮੇਟਣ ਵਾਲੀ ਮੁਕਤੀ ਦਾਤਾ ਹੈਂ ।
Bestow peace and prosperity to the universe.
You are the eradicator of distress and bestower of salvation.

ਯਹੀ ਦੇਹ ਆਗਿਆ ਤੁਰਕਨ ਗਹਿ ਖਪਾਊਂ ॥
ਗਊ ਘਾਤ ਕਾ ਦੋਖ ਜਗ ਸਿਉਂ ਮਿਟਾਊਂ ॥
ਇਹ ਹੁਕਮ ਦਿਓ ਕਿ ਤੁਰਕਾਂ ਨੂੰ ਮਾਰ ਮਿਟਾਂਵਾਂ ।
ਗਊ ਮਾਰਨ ਦਾ ਦੁਖ ਸਾਰੇ ਸੰਸਾਰ ਵਿਚੋਂ ਮਿਟਾ ਦੇਵਾਂ ।
Command me to kill and destroy the Turks (Muslims).
Eliminate the killing of the cow from the entire universe.

ਛੱਤ੍ਰ ਤਖਤ ਮੁਗਲਨ ਕਰਹੂੰ ਮਾਰ ਦੂਰੇ ॥
ਘੁਰਹਿ ਤਬ ਜਗਤ ਮਹਿ ਫਤਹ ਧਰਮ ਤੂਰੇ ॥
ਮੁਗ਼ਲਾਂ ਨੂੰ ਮਾਰ ਕੇ ਉਨ੍ਹਾਂ ਦਾ ਰਾਜ (ਤਖਤ) ਖਤਮ ਕਰ ਦੇਵਾਂ ।
ਜਗਤ ਵਿਚ ਫਿਰ ਧਰਮ ਦਾ ਫਤਹਿ ਬਿਗਲ ਵਜੇਗਾ ।
I shall kill the Mughals and end their rule.
The triumphant clarion call of morality will again resound in the universe.

ਤੁਮਨ ਦਰ ਖੜਾ ਦਾਸ ਕਰ ਹੈ ਪੁਕਾਰਾ ॥
ਤੁਰਕਨ ਮੇਟ ਕੀਜੈ ਜਗਤ ਮਹਿ ਉਜਾਰਾ ॥
ਤੇਰੇ ਦਰ ਤੇ ਖੜਾ ਇਹ ਤੇਰਾ ਦਾਸ ਪੁਕਾਰ ਰਿਹਾ ਹੈ ।
ਤੁਰਕਾਂ ਦਾ ਨਾਸ਼ ਕਰਕੇ ਜਗ ਵਿਚ ਉਜਾਲਾ ਕਰਦੇ ।
This slave of yours stands at your door and implores to you.
Destroy the Turks and enlighten the universe.

ਤਬਹਿ ਗੀਤ ਮੰਗਲ ਫਤਹਿ ਕੇ ਸੁਨਾਊਂ ॥
ਤੁਮਨ ਕਉ ਸਿਮਰ ਦੂਖ ਸਗਲੇ ਮਿਟਾਊਂ ॥
ਤਦ ਹੀ ਮੈਂ ਗੀਤ ਵਿਜੈ ਦੀ ਖੁਸ਼ੀ ਦੇ ਸੁਣਾਵਾਂ।
ਤੈਨੂੰ ਸਿਮਰ ਕੇ ਸਾਰੇ ਕਸ਼ਟ ਮਿਟਾਵਾਂ ।
Only then I can sing the song of victory.
By your veneration, eradicate all anguish.

ਦੋਹਰਾ ॥
Dohra
ਕਿਰਪਾ ਕੀਜੈ ਦਾਸ ਪਰ ਕੁੰਟ ਨਿਵਾਊਂ ਚਾਰ ॥
ਨਾਮ ਤਿਹਾਰੋ ਜੋ ਜਪੈ ਭਏ ਸਿੰਧ ਭਵ ਪਾਰ ॥
ਆਪਣੇ ਦਾਸ ਪਰ ਕਿਰਪਾ ਕਰੋ ਕਿ ਚਾਰੇ ਕੁੰਟਾਂ (ਦਿਸ਼ਾਵਾਂ)ਆਪਦੇ ਚਰਨਾ ਵਿਚ ਨਿਵਾਵਾਂ।
ਜੋ ਵੀ ਤੇਰਾ ਨਾਮ ਜਪੇ ਭਵ ਸਾਗਰ ਸੰਸਾਰ ਤੋਂ ਪਾਰ ਹੋਵੇ ।
Have compassion on your slave to enable him to make the four corners (of the universe) pay obeisance at your feet.
Whosoever prays to you crosses over this ocean of the illusory world.

ਭਗਵਤੀ ਛੰਦ ਛੇਵਾਂ ॥੬॥
Bhagwati Stanza 6

ਨਮੋ ਕਸਟ ਹਰਣੀ ਦੁਰਗਾ ਸਕਤਿ ਮਾਏ ॥
ਸਭੈ ਦੁਸਟ ਦਾਨੋ ਪਕੜ ਤੈ ਖਪਾਏ ॥
ਨਮਸ਼ਕਾਰ ਹੈ ਦੁਖ ਦੂਰ ਕਰਨ ਵਾਲੀ ਦੁਰਗਾ ਸ਼ਕਤੀ ਮਾਂ ।
ਸਾਰੇ ਦੁਸ਼ਟ ਦਾਨਵ ਤੈਂ ਪਕੜ ਕੇ ਖਤਮ ਕੀਤੇ ਹਨ ।
Salutation to Mother Durga, the exterminator of all suffering.
You have caught all evil demons and annihilated them.

ਤੁਮਨ ਭਵਨ ਤ੍ਰੈ ਲੋਕ ਮਹਿ ਬਿਰਾਜੈ ॥
ਤਹਾਂ ਨੂਰ ਤੁਮਰਾ ਅਗਮ ਰੂਪ ਛਾਜੈ ॥
ਤੇਰਾ ਘਰ ਤਿੰਨਾ ਲੋਕਾਂ ਵਿਚ ਹੈ ਜਿਥੇ ਤੂੰ ਬਿਰਾਜਦੀ ਹੈਂ ।
ਜਿਥੇ ਤੇਰਾ ਅਨੰਤ ਨੂਰ ਛਾਂ ਦੀ ਤਰਾਂ ਫੈਲਿਆ ਹੋਇਆ ਹੈ ।
You dwell in all the three worlds,
where your eEternal light is ever prevalent.

ਤੁਹੀ ਧੌਲ ਗਿਰ ਕੋਟ ਕਾਂਗੜ ਬਸੰਤੀ ॥
ਤੁਹੀ ਅਛਲ ਅਨਾਦ ਦੇਵਨ ਅਨੰਤੀ ॥
ਤੂੰ ਧੌਲ=ਹਿਮਾਲਯਾ, ਗਿਰ=ਪਹਾੜ ਅਤੇ ਕੋਟ=ਬੇਅੰਤ, ਕਾਂਗ(ੜ)=ਦਰਿਆਈ ਲਹਿਰਾਂ ਵਿਚ ਬਸੰਤੀ=ਵਸਦੀ ਹੈਂ ।
ਤੂੰ ਛਲ ਤੋਂ ਰਹਿਤ ਅਨਾਦ=ਧੁਰੋਂ ਚਲੀ, ਬਿਅੰਤ ਕਰਤਾਰ ਹੈਂ ।
You are the Himalaya, mountains and countless river waves.
You are beyond deception, the endless godly power.

ਰਟੋਂ ਨਿਸ ਦਿਨਾ ਜਾਪ ਤੁਮਰਾ ਭਵਾਨੀ ॥
ਤੁਮਨ ਚਰਨ ਮੋਂ ਪ੍ਰੀਤਿ ਹਮਰੀ ਲਗਾਨੀ ॥
ਤੇਰੇ ਨਾਮ ਦਾ ਜਾਪ ਮੈਂ ਰਾਤ ਦਿਨ ਕਰਾਂ ਐ ਭਵਾਨੀ (ਮਾਂ) ।
ਤੇਰੇ ਚਰਨਾ'ਚ ਮੇਰੀ ਪ੍ਰੀਤ ਲਗੀ ਰਵ੍ਹੇ ।
I repeat your name day and night O Bhawani.
Your (sacred) feet will remain my focus of devoted love.

ਕਰਹੁ ਹਰਿ ਭਵਾਨੀ ਜਗਤ ਕੀ ਸੰਭਾਰੇ ॥
ਹਮਨ ਦੁਸ਼ਟ ਦੋਖੀ ਸਭਨ ਹੋਹਿੰ ਛਾਰੇ ॥
ਹੇ ਪ੍ਰਭੂ ਭਵਾਨੀ ਤੂੰ ਜਗਤ ਦੀ ਸੰਭਾਲਣਾ ਕਰੇਂ ।
ਸਾਡੇ ਦੁਸ਼ਟ ਦੋਖੀ ਜੋ ਹਨ ਉਹ ਸਾਰੇ (ਸੁਆਹ) ਖਤਮ ਹੋ ਜਾਣ ।
O Godly Bhawani (you should) sustain the universe.
All our evil enemies ought to perish.

ਸਦਾ ਸਰਬਦਾ ਚਰਣ ਤੁਮਰੇ ਧਿਆਊਂ ॥
ਤੁਮਨ ਮਿਹਰ ਸਿਉਂ ਦੁਸਟ ਸਗਲੇ ਖਪਾਊਂ ॥
ਮੈਂ ਸਦਾ ਹੀ ਤੇਰੇ ਚਰਨਾ ਦਾ ਧਿਆਨ ਧਰਦਾ ਰਹਾਂ ।
ਤੇਰੀ ਮਿਹਰ ਨਾਲ ਹੀ ਸਾਰੇ ਦੁਸ਼ਟਾਂ ਦਾ ਨਾਸ ਕਰਾਂ ।
I should always contemplate on your feet.
With your blessing I shall destroy all the wicked.

ਯਹੀ ਆਸ ਪੂਰਨ ਕਰਹੁ ਤੁਮ ਹਮਾਰੀ ॥
ਮਿਟੈ ਕਸਟ ਗਊਅਨ ਛੁਟੈ ਖੇਦ ਭਾਰੀ ॥
ਇਹੋ ਮੇਰੀ ਇੱਛਾ ਤੁਸੀਂ ਪੂਰੀ ਕਰੋ ।
ਗਊ, ਕਸ਼ਟ ਅਤੇ ਭਾਰੀ ਦੁਖ ਤੋਂ ਮੁਕਤਿ ਹੋ ਜਾਵੇ ।
Grant me this boon.
Relieve the cow of agony and all ailments.

ਫਤਹ ਸਤਿਗੁਰੂ ਕੀ ਜਗਤ ਸਿਉਂ ਬੁਲਾਊਂ ॥
ਸਭਨ ਕਉ ਸਬਦ ਵਾਹਿ ਵਾਹਿ ਦ੍ਰਿੜਾਊਂ ॥
ਸਾਰੇ ਜਗਤ ਵਿਚ ਸਤਿਗੁਰੂ (ਵਾਹਿਗੁਰੂ)ਦੀ ਫਤਹਿ ਬੁਲਾਵਾਂ (ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ)।
ਸਾਰਿਆਂ ਨੂੰ ਸ਼ਬਦ ਵਾਹਿ ਵਾਹਿ (ਵਾਹਿਗੁਰੂ) ਜਪਾਵਾਂ ।
The victory to the Almighty shall be my proclamation.
To all, Wahe Wahe (Waheguru) shall be the word to meditate on.

ਕਰਹੁ ਖਾਲਸਾ ਪੰਥ ਤੀਸਰ ਪ੍ਰਵੇਸਾ ॥
ਜਗਹਿ ਸਿੰਘ ਜੋਧੇ ਧਰਹਿ ਨੀਲ ਭੇਸਾ ॥
ਤੀਸਰਾ ਪੰਥ ਖਾਲਸਾ (ਹਿੰਦੂ ਅਤੇ ਇਸਲਾਮ ਤੋਂ ਵਖਰਾ) ਬਣਾਓ ।
ਸਿੰਘ ਸੂਰਬੀਰ ਪ੍ਰਗਟ ਹੋਣ ਜੇਹੜੇ ਨੀਲੇ ਭੇਸ ਵਾਲਿਆਂ (ਅਰਥਾਤ ਮੁਸਲਮਾਨ=ਤੁਰਕ) ਜੋ ਨੀਲੇ ਕਪੜੇ ਪਾਉਂਦੇ ਸਨ ਨੂੰ ਅੱਗੇ ਧਰ ਲੈਣ = ਭਾਵ, ਭਜਾ ਦੇਣ । (ਯਥਾ:- -"ਨੀਲ ਬਸਤ੍ਰ ਲੈ ਕਪੜੇ ਪਹਿਰੇ, ਤੁਰਕ ਪਠਾਣੀ ਅਮਲ ਕੀਆ -ਆਸਾ ਦੀ ਵਾਰ ਵਿਚ ਨੀਲ ਬਸਤ੍ਰ ਪਾਓਣ ਵਾਲੇ ਤੁਰਕਾਂ (ਮੁਸਲਮਾਨਾਂ) ਨੂੰ ਆਖਿਆ ਹੈ) ।
Designate the third religion (panth) (different to the Hindu and Islam).
The stalwart Singh warriors shall rise and make the blue clothed Muslims (Turks) flee. (In 'Assa-di-Vaar' , the Muslims are the wearers of blue clothes e.g. "Neel bastar ley kapre pehrey turk pathani amal kiya". Meaning: - all the people started wearing blue, the attire of the muslims and also followed their way of life.)

ਸਕਲ ਰਾਛਸਨ ਕਉ ਪਕੜ ਵੈ ਖਪਾਵੈਂ ॥
ਸਭੈ ਜਗਤ ਸਿਉਂ ਧੁਨਿ ਫਤਹ ਕੀ ਬੁਲਾਵੈਂ ॥
ਸਾਰੇ ਰਾਕਸ਼ਸਾ ਨੂੰ ਜੋ ਪਕੜ ਕੇ ਮਾਰਨਗੇ ।
ਸਾਰੇ ਜਗਤ ਵਿਚ ਫਤਹਿ ਦੀ ਧੁੰਨ ਵਜਾਉਣਗੇ ।
They will capture and destroy all demons (evil persons).
They will sound the melody of victory in the universe.

ਤੁਹੀ ਸਾਰਦਾ ਬੇਦ ਗਾਯਣ ਸੁਰਸਤੀ ॥
ਤੁਹੀ ਦੇਵ ਦੁਰਗੇ ਨਿਰੰਜਨ ਪਰਸਤੀ ॥
ਤੂਹੀਂ ਵੇਦਾਂ ਦੇ ਗਿਆਨ ਨੂੰ ਉਤੱਮ ਕਰਨ ਵਾਲੀ ਅਤੇ ਗਾਉਣ ਵਾਲੀ ਸਰਸਵਤੀ ਹੈਂ ।
ਤੂਹੀਂ ਨਿਰੰਜਨ ਪਰਸਤੀ=ਪ੍ਰਭੁ ਦੀਂ ਛੋਹ ਵਿਚ ਰਹਿਣ ਵਾਲੀ ਅਲੌਕਿਕ ਦੁਰਗਾ ਦੇਵੀ ਹੈਂ ।
You are the Goddess Saraswati, singing and bestowing eminence to the knowledge of the Vedas.
You are the magnificent Goddess Durga who is in constant touch with the Lord God

ਯਹੀ ਬੇਨਤੀ ਖਾਸ ਹਮਰੀ ਸੁਣੀਜੈ ॥
ਅਸੁਰ ਮਾਰ ਕਰ ਰੱਛ ਗਊਅਨ ਕਰੀਜੈ ॥
ਇਹੋ ਮੇਰੀ ਖਾਸ ਅਰਜ਼ ਸੁਣੋ ।
ਰਾਕਸ਼ਿਸ਼ਾਂ (ਅਸੁਰਾਂ) ਨੂੰ ਮਾਰਕੇ ਗਊ (ਗਰੀਬ) ਦੀ ਰਕਸ਼ਾਂ ਕਰੋ ।
Kindly adhere to my specific request.
Annihilate the evil demons and safeguard the cow (destitute).

ਤੁਹੀ ਸਿੱਧ ਨਵ ਨਿਧ ਕਉ ਭਰਣਹਾਰੀ ॥
ਤੁਹੀ ਅੰਨਦਾਯਣ ਸਕਲ ਜਗ ਭਿਖਾਰੀ ॥
ਤੂਹੀਂ ਰਿਧੀਆਂ, ਸਿਧੀਆਂ, ਨੌਂ ਨਿਧੀਆਂ ਬਖਸ਼ਣ ਵਾਲੀ ਹੈਂ ।
ਤੂਹੀਂ ਅੰਨ ਦੇਣ ਵਾਲੀ ਹੈਂ ਅਰ ਸਾਰਾ ਜਗਤ ਭਿਖਾਰੀ ਹੈ ।
You are the bestower of all mystical and supernatural powers.
You are the nourisher of all and the universe is the mendicant.

ਤੁਹੀ ਰਿਖੀ ਬਸਿਸਟੇ ਤੁਹੀ ਹੈ ਦੁਰਬਾਸਾ ॥
ਤੁਹੀ ਜਮਦਗਨਿ ਸੰਤ ਗੋਤਮ ਪ੍ਰਕਾਸਾ ॥
ਤੂਹੀਂ ਰਿਖੀ ਵਸ਼ਿਸ਼ਟ ਅਰ ਦਰਬਾਸ਼ਾ ਹੈਂ ।
ਤੂਹੀਂ ਜਮਦਗਨਿ ਅਤੇ ਗੌਤਮ ਦਾ ਪ੍ਰਕਾਸ਼ ਰੂਪ ਹੋ ।
You are the sages Vashishta and Durbasha.
You are the radiance of Jamadgin and Sage Gautama.

ਤੁਹੀ ਕਾਲ ਕੇ ਅਸੁਰ ਸੰਘਾਰ ਕਰਣੀ ॥
ਤੁਹੀ ਸੇਵਕਨ ਪਰ ਸਦਾ ਮਿਹਰ ਧਰਣੀ ॥
ਤੂਹੀਂ ਕਾਲ ਦੇ ਅਸਰ ਦਾ ਸੰਘਾਰ (ਨਾਸ਼) ਕਰਨ ਵਾਲੀ ਹੈਂ ।
ਤੂਹੀਂ ਆਪਣੇ ਸੇਵਕਾਂ ਤੇ ਸਦਾ ਮਿਹਰ ਕਰਨ ਵਾਲੀ ਹੈਂ ।
You are the destroyer of the force of death.
You always bestow grace on your devotees.

ਕਹਾਂ ਲੌ ਬਖਾਨੌ ਤੁਮਨ ਗਤਿ ਅਪਾਰੇ ॥
ਤੁਹੀ ਜਾਲਪਾ ਅਲਖ ਰੁਪਣ ਮੁਰਾਰੇ ॥
ਕਿਥੇ ਤਕ ਤੇਰੀ ਅਨੰਤ ਉਪਮਾਂ ਦਾ ਬਖਾਣ ਕਰਾਂ ।
ਤੁਹੀਂ ਬਾਣੀ ਬੋਲਣ ਵਾਲੀ, ਕਹਿਣ ਤੋਂ ਪਰੇ ਰੁਪਵਾਲੀ ਮੁਰਾਰੇ=ਕ੍ਰਿਸ਼ਨ ਹੋ ।
How can I describe your boundless praise?
You are the sermon, beyond comparison the adorable Krishna.

ਤੁਹੀ ਹਰਿ ਹਰੇ ਹਰਿ ਹਰੇ ਹਰਿ ਭਵਾਨੀ ॥
ਨਿਰੰਜਨ ਪੁਰਖ ਪਰ ਭਈ ਤੂੰ ਕੁਰਬਾਨੀ ॥
ਤੂਹੀਂ ਪਰਮਾਤਮਾ ਦਾ ਰੂਪ ਹਰਿ ਭਵਾਨੀ ਹੋ ।
ਅਤੇ ਤੂਹੀਂ ਨਿਰ ਅੰਜਨ=ਬਗੈਰ ਕਾਲਖ ਤੋਂ ਪਰਮਾਤਮਾ ਤੇ ਕੁਰਬਾਨ ਹੋ ।
You are Bhawani, the image of the Almighty.
And you are the immaculate one who is devoted to the Lord.

ਯਹੀ ਦੇਹਿ ਬਰ ਮੋਹਿ ਸਤਿਗੁਰ ਧਿਆਊਂ ॥
ਅਸੁਰ ਜੀਤ ਕਰ ਧਰਮ ਨਉਬਤ ਬਜਾਊਂ ॥
ਇਹ ਵਰ ਮੈਨੂੰ ਬਖਸ਼ੋ ਕਿ ਮੈਂ ਸਤਿਗੁਰੁ ਨੂੰ ਧਿਆਵਾਂ ।
ਰਾਕਸ਼ਾਂ ਨੂੰ ਜਿੱਤ ਕੇ ਧਰਮ ਦਾ ਡੰਕਾ ਵਜਾਵਾਂ ।
Grant me the wish to worship the Almighty.
(And) defeat the demons and play the victory drum of rightousness.

ਮਿਟਹਿ ਸਭ ਜਗ ਸਿਉਂ ਤੁਰਕਨ ਦੁੰਦ ਸੋਰਾ ॥
ਬਚਹਿ ਸੰਤ ਸੇਵਕ ਖਪਹਿ ਦੁਸਟ ਚੋਰਾ ॥
ਸਾਰੇ ਜਗਤ ਵਿਚੋਂ ਤੁਰਕਾਂ ਦਾ ਬੋਲ ਬਾਲਾ ਮਿੱਟ ਜਾਵੇ ।
ਸੰਤ, ਸੇਵਕ ਬਚ ਜਾਣ ਅਤੇ ਦੁਸ਼ਟ ਚੋਰਾਂ ਦਾ ਖਾਤਮਾ ਹੋ ਜਾਵੇ ।
The predominance of the Turks (Muslims) ought to be wiped out from the world.
The saints and devotees should endure and the evil thieves perish.

ਸਭੈ ਸ੍ਰਿਸਟ ਪਰਜਾ ਸੁਖੀ ਹੁਇ ਬਿਰਾਜੈ ॥
ਮਿਟੈ ਦੂਖ ਸੰਤਾਪ ਆਨੰਦ ਗਾਜੈ ॥
ਸਾਰੀ ਸਰਿਸ਼ਟੀ ਦੀ ਪਰਜਾ ਸੁਖੀ ਹੋ ਜਾਵੇ ।
ਮਿਟ ਜਾਣ ਦੁਖ ਅਤੇ ਡਰ ਅਤੇ ਅਨੰਦ ਮਈ ਵਾਤਾਵਰਣ ਹੋ ਜਾਵੇ ।
All the population of the world should live in tranquility.
End of all the suffering and fear and creation of a harmonious atmosphere

ਨ ਛਾਡਉਂ ਕਹੂੰ ਦੁਸਟ ਅਸੁਰਨ ਨਿਸਾਨੀ ॥
ਚਲੈ ਸਭ ਜਗਤ ਮਹਿ ਧਰਮ ਕੀ ਕਹਾਨੀ ॥
ਦੁਸ਼ਟ ਅਸੁਰਾਂ ਦੀ ਨਿਸ਼ਾਨੀ ਨਹੀਂ ਰਹਿਣ ਦੇਵਾਂਗਾ ।
ਸਾਰੇ ਜਗਤ ਵਿਚ ਧਰਮ ਦੀ ਹੀ ਕਹਾਣੀ ਚਲੇਗੀ ।
I will finish the impression of all evil.
In the universe will prevail the theme of rectitude.

ਛਤ੍ਰ ਧਾਰੀਅਨ ਕਉ ਕਰਹੁ ਬੇਗ ਨਾਸਾ ॥
ਅਪਨ ਦਾਸ ਕਾ ਦੇਖੀਅਹੁ ਅਬ ਤਮਾਸਾ ॥
(ਜ਼ਾਲਮ) ਰਾਜਿਆਂ ਦਾ ਜਲਦੀ ਹੀ ਨਾਸ਼ ਕਰਾਂਗਾ ।
ਆਪਣੇ ਦਾਸ ਦਾ ਹੁਣ ਇਹ ਤਮਾਸ਼ਾ ਦੇਖੋ ।
I will soon destroy the evil sovereignty.
Now observe this marvel of your slave.

ਦੋਹਰਾ ॥
Couplet

ਤਬ ਖੜਗ ਤਮਾਸਾ ਦੇਖੀਐ ਹਰ ਦੁਰਗੇ ਅਬਿਨਾਸ ॥
ਪਕੜ ਤੇਗ ਦੁਸਮਨ ਹਤੂੰ ਕਰਹੂੰ ਧਰਮ ਪ੍ਰਕਾਸ ॥੧॥
ਹੁਣ ਤਲਵਾਰ ਦਾ ਤਮਾਸ਼ਾ=ਜੌਹਰ ਦੇਖ ਐ ਨਾਸ਼ ਰਹਿਤ ਦੁਰਗਾ ਮਾਂ ।
ਤੇਗ ਨੂੰ ਪਕੜ ਕੇ, ਦੁਸ਼ਮਨਾ ਦਾ ਨਾਸ ਕਰਾਂਗਾ ਅਤੇ ਧਰਮ ਦਾ ਪ੍ਰਕਾਸ਼ (ਚਾਨਣ) ਕਰਾਂਗਾ ।
Now observe the wonder of the sword O Eternal Durga Mother.
I shall weild the sword and destroy the enemy and radiate the light of righteousness.

ਹਰ ਭਗਤ ਭਗੌਤੀ ਤਿਸੈ ਕੀ ਜੋ ਰਣਧੀਰ ਧਰੇਇ॥
ਤਿਹ ਅੰਗ ਸੰਗ ਤੁਮ ਲਾਗ ਰਹੁ ਜੋ ਪਾਛੇ ਪਗ ਨ ਧਰੇਇ ॥੨॥
ਅਕਾਲ ਪੁਰਖ ਦੀ ਭਗਤਣ ਭਗੌਤੀ ਉਸ ਦੀ (ਰਖਿਆ ਕਰਦੀ) ਹੈ, ਜੋ ਮੈਦਾਨੇ ਜੰਗ ਵਿਚ ਧੇਰਯ=ਧੀਰਜ (ਸਬਰ)ਨਾਲ ਲੜਦਾ ਹੈ ।
ਉਸ ਦੇ ਤੂੰ ਅੰਗ ਸੰਗ ਰਹਿੰਦੀ ਹੈਂ ਜੇਹੜਾ ਮੈਦਾਨ ਵਿਚ ਪਿਠ ਨਹੀਂ ਦਿਖਾਉਂਦਾ ।
God's devotee Bhagauti assists the one who remains composed in a battlefield.
You are beside the (warrior) who never retreats in the battlefield.

ਚੋਪਈ ॥
Stanza of short rhyming pairs

ਖਟ ਛੰਦ ਭਗਵਤੀ ਮਹਾਂ ਪੁਨੀਤੇ ॥
ਤਿਸ ਪਠਵਤ ਉਪਜਤ ਪਰਤੀਤੇ ॥
ਇਹ ਛੇ ਛੰਦ ਮਹਾਂ ਸ਼ਕਤੀ ਭਗਵਤੀ ਦੇ ਬਹੁਤ ਪੁੰਨ ਦੇਣ ਵਾਲੇ ਹਨ ।
ਜਿਸ ਨੂੰ ਨਿੱਤ ਪੜ੍ਹਨ ਨਾਲ ਪ੍ਰਾਣੀ ਵਿਚ(ਪਰਤੀਤ)ਵਿਸ਼ਵਾਸ ਪੈਦਾ ਹੁੰਦਾ ਹੈ ।
These six stanzas of supreme power Bhagwati are very auspicious.
Their daily recitation promotes firm belief in the devotee.

ਇਉਂ ਨਿਸਬਾਸਰ ਦੁਰਗੇ ਗੁਨ ਗਾਯੰ ॥
ਤਹਿ ਸਹਜੇ ਅਟੱਲ ਅਮਰ ਪਦ ਪਾਯੰ ॥
ਇਸ ਤਰ੍ਹਾਂ ਰਾਤ ਦਿਨ ਦੁਰਗਾ ਮਾਂ ਦੇ ਗੁਣ ਗਾਉਣ ਨਾਲ ।
ਸਹਿਜੇ ਹੀ ਅਟੱਲ ਅਮਰ ਪਦਵੀ ਦਾ ਅਧੀਕਾਰੀ ਹੋ ਜਾਂਦਾ ਹੈ ।
By daily chanting prayer of mother Durga,
Eternal salvation is readily achieved.

ਯਹਿ ਖਸਟਕ ਛੰਦ ਸੰਪੂਰਨ ਭਯੋ ॥
ਤਿਸ ਉਚਰਤ ਸਗਲਾ ਭਰਮ ਗਯੋ ॥
ਇਹ ਛੇਵਾਂ (ਭਗਵਤੀ) ਛੰਦ ਸੰਪੂਰਨ ਹੋ ਗਿਆ ਹੈ ।
ਜਿਸਦੇ ਉਚਾਰਨ ਨਾਲ ਸਾਰਾ ਭਰਮ ਮਿਟ ਗਿਆ ਹੈ ।
The sixth Bhagwati stanza has come to an end.
Reciting it has eliminated all doubts.

ਹਰਿ ਅਲਖ ਈਸਰੀ ਭਈ ਕ੍ਰਿਪਾਲੰ ॥
ਤਿਨ ਦਾਸ ਆਪਨਾ ਕੀਓ ਨਿਹਾਲੰ ॥
ਉਹ ਨਾ ਜਾਣ ਸਕਣ ਵਾਲੀ ਪ੍ਰਭੂ ਸ਼ਕਤੀ ਦੀ ਜਦੋਂ ਕਿਰਪਾ ਹੋਈ ।
ਉਸਨੇ ਆਪਣੇ ਦਾਸ ਨੂੰ ਨਿਹਾਲ ਕਰ ਦਿਤਾ ।
When the incomprehensible Godly Power conferred her blessings,
She exalted Her slave.

ਦੂਖ ਰੋਗ ਸੋਗ ਭੈ ਮਿਟੇ ਕਲੇਸਾ ॥
ਬਹੁ ਸੁਖ ਉਪਜੈ ਅਨਦ ਪ੍ਰਵੇਸਾ ॥
ਦੁਖ, ਰੋਗ, ਸੋਗ, ਭੈਅ ਅਤੇ ਕਲੇਸ਼ ਸਭ ਮਿਟ ਗਏ ।
ਬਹੁਤ ਸੁਖ ਅਤੇ ਅਨੰਦ ਦਾ ਪ੍ਰਵੇਸ਼ ਹੋ ਗਿਆ ।
Sufferings, illness, sorrow, fear and torment all vanished.
Abundance of blissfulness and harmony prevailed.

ਇਤ ਬਿਧਿ ਦੁਰਗੇ ਕਿਰਪਾ ਧਾਰੀ ॥
ਤਿਹ ਆਪਨ ਦਾਸ ਕਉ ਲੀਆ ਉਬਾਰੀ ॥
ਇਸ ਤਰ੍ਹਾਂ ਦੁਰਗਾ (ਮਾਂ) ਨੇ ਕਿਰਪਾ ਕੀਤੀ ।
ਅਤੇ ਆਪਣੇ ਦਾਸ ਨੂੰ ਬਚਾ ਲਿਆ ।
This is how (Mother) Durga blessed,
and shielded her slave.

ਸ੍ਰੀ ਇਤਿ ਗੋਬਿੰਦ ਸਿੰਘ ਵਿਰਚਿਤੇ ਸ੍ਰੀ ਭਗਵਤੀ ਛੰਦ ਖਸਟਮੰ ਸਮਾਪਤੰਮ ਸਤ ਸੁਭਮ ਸਤ ॥੬॥
ਸ੍ਰੀ (ਗੁਰੂ) ਗੋਬਿੰਦ ਸਿੰਘ (ਜੀ) ਨੇ ਇਹ ਛੇਵਾਂ ਭਗਵਤੀ ਛੰਦ ਸਮਾਪਤ ਕੀਤਾ– ।
ਸ਼ੁਭੰ–ਸਤ = ਸ਼ੁਭ ਕੰਮ ਸੰਪੂਰਨ ਹੋਇਆ ਗ੍ਰੰਥ ਸਮਾਪਤ ਹੋਇਆ ।
Sri (Guru) Gobind Singh (Ji) accomplished auspiciously the six Bhagwati stanzas.

ਸੁਭਮਸਤਿ

ਇਹ ਅੰਤਿਮ ਟਿਪਣੀ ਜੋ ਤਕਰੀਬਨ ਸਾਰੀਆਂ ਮੱਧਕਾਲੀਨ ਗੁਰਬਾਣੀ ਅਤੇ ਭਗਤਾਂ ਦਾ ਸਾਹਿਤ ਦੀਆਂ ਹੱਥ ਲਿਖਤਾਂ ਤੇ ਲਿਖੀ ਜਾਂਦੀ ਸੀ ਨੂੰ ਅਸਲ ਦੇ ਨਕਲਕਾਰਕ (ਕਾਪੀ ਕਰਨ ਵਾਲੇ) ਲਿਖਾਰੀਆਂ ਨੇ ੧੭ਵੀ ਅਤੇ ੧੮ਵੀਂ ਸਦੀ ਵਿਚ ਅਖੇਪਕ ਰੂਪ ਦੇ ਦਿਤਾ। ਜੋ ਅਸਲ ਵਿਚ ਇੰਝ ਸੀ :–
"ਸਮਾਪਤਮਸਤਸੁਭਮਸਤ"
ਜਿਸਦਾ ਕਿ ਸਹੀ ਪਾਠ ਅਤੇ ਪਦਸ਼ੇਦ "ਸਮਾਪਤਮ ਸਤਿ ਸੁਭਮ ਸਤਿ" ਹੈ, ਅਤੇ ਸੰਸਕ੍ਰਿਤ ਭਾਖਾ ਅਨੁਸਾਰ "ਸਮਾਪਤੰ ਸਤਿ ਸ਼ੁਭੰ ਸਤਿ" ਇਸ ਦਾ ਸਹੀ ਉਚਾਰਨ ਹੈ ।

ਇਸ ਟਿਪਣੀ ਨੂੰ ਅਖੇਪਕਾਰਾਂ ਨੇ "ਸਮਾਪਤਮਸਤ ਸੁਭ ਮਸਤ" ਲਿਖ ਕੇ ਇਸ ਦੀ ਅਸਲੀਅਤ ਨੂੰ ਵਿਗਾੜ ਦਿਤਾ । ਉਮੀਦ ਹੈ ਇਸ ਬਾਣੀ 'ਉਗਰਦੰਤੀ' ਦੇ ਟੀਕੇ ਵਿਚ ਇਹ ਗਲ ਸਪੱਸ਼ਟ ਹੋ ਗਈ ਹੋਵੇਗੀ ।

N.B. Shubamasat

The colophon which appears on almost all manuscripts of Gurbani and Bhagti literature of medieval India has been corrupted by the copyist of the original during the 17th and 18th centuries. The authentic version written by the authors of these classics was: -

"Samaptamsatsubamsat" which when parsing should read "Samaptam Sat subam Sat"
or the real Sanskrit version as "Samaptam Sat Shubham Sat"

The scribes have depicted the bit of the whole colophon i.e. Subhmast which is in fact Subham Sat. The great rendering of the "Uggardanti Bani" clarifies this on going myth of the scribes.